# ਓਪਨ ਐਂਡ ਡਿਸਟੈਂਸ ਲਰਨਿੰਗ ਵਿਭਾਗ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਐਮ. ਏ. 2 (ਐਜੂਕੇਸ਼ਨ) ਸਮੈਸਟਰ ਚੌਥਾ

ਪੇਪਰ : ਚੌਥਾ (ਆਪਸ਼ਨ ਦੂਜੀ) (ਇਸਤਰੀ ਸਿੱਖਿਆ) ਯੂਨਿਟ : 1

ਮੀਡੀਅਮ : ਪੰਜਾਬੀ

ਪਾਠ ਨੰ.


1.1 : ਇਸਤਰੀ ਸਿੱਖਿਆ–ਅਰਥ, ਲੋੜ ਤੇ ਕਾਰਜ–ਖੇਤਰ

1.2 : ਲੜਕੀਆਂ ਦੀ ਸਿੱਖਿਆ–ਲੋੜ, ਸਹੂਲਤਾਂ, ਵਰਤਮਾਨ ਅਤੇ ਭਵਿੱਖ ਦੀਆਂ ਸਕੀਮਾਂ

1.3 : ਇਸਤਰੀ ਸਿੱਖਿਆ ਦੇ ਸਮਾਜਿਕ ਮਨੋਵਿਗਿਆਨਕ ਤੱਤ

1.4 : ਘੱਟ ਗਿਣਤੀ ਦੇ ਸਮੁਦਾਇ ਦੀਆਂ ਇਸਤਰੀਆਂ ਦੀਆਂ ਸਮੱਸਿਆਵਾਂ

1.5 : ਭਵਿੱਖ ਵਿੱਚ ਇਸਤਰੀ ਸਿੱਖਿਆ ਵੱਲ ਝੁਕਾਅ


**Department website : www.pbidde.org**

**ਪਾਠ ਨੰ: 1.1**

## ਇਸਤਰੀ ਸਿੱਖਿਆ-ਅਰਥ, ਲੋੜ ਤੇ ਕਾਰਜ ਖੇਤਰ

**1.1.0 ਢਾਂਚਾ**
**1.1.1 ਪਾਠ ਦੇ ਉਦੇਸ਼**
**1.1.2 ਜਾਣ ਪਛਾਣ**
**1.1.3 ਇਸਤਰੀ ਸਿੱਖਿਆ ਦੇ ਅਰਥ**
**1.1.4 ਇਸਤਰੀ ਸਿੱਖਿਆ ਦੀ ਲੋੜ**
**1.1.5 ਸਵੈ-ਮੁਲਾਂਕਣ ਲਈ ਪ੍ਰਸ਼ਨ**
**1.1.6 ਇਸਤਰੀ ਸਿੱਖਿਆ ਦਾ ਕਾਰਜ ਖੇਤਰ**
**1.1.7 ਸਾਰ**
**1.1.8 ਸੁਝਾਏ ਪ੍ਰਸ਼ਨ**
**1.1.9 ਸੁਝਾਈਆਂ ਪੁਸਤਕਾਂ**

**1.1.1 ਪਾਠ ਦੇ ਉਦੇਸ਼ : ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਜਾਣਗੇ ਕਿ:**

1. **ਇਸਤਰੀ ਸਿੱਖਿਆ ਦੇ ਅਰਥ ਕੀ ਹਨ।**
2. **ਇਸਤਰੀ ਸਿੱਖਿਆ ਦੀ ਲੋੜ ਦੀ ਵਿਆਖਿਆ ਕਰ ਸਕਣਗੇ।**
3. **ਇਸਤਰੀ ਸਿੱਖਿਆ ਦੇ ਕਾਰਜ ਖੇਤਰ ਤੋਂ ਜਾਣੂ ਹੋ ਜਾਣਗੇ।**

### 1.1.2 ਜਾਣ ਪਛਾਣ :

ਇਤਿਹਾਸਿਕ ਪੱਖ ਤੋਂ ਦੇਖਿਆਂ ਇਹ ਤੱਤ ਨਿਖਰ ਕੇ ਸਾਹਮਣੇ ਆਉਂਦਾ ਹੈ ਕਿ ਬ੍ਰਾਹਮਣ ਯੁੱਗ ਵਿਚ ਇਸਤਰੀ ਸਿੱਖਿਆ ਨੂੰ ਬਹੁਤ ਧੱਕਾ ਲੱਗਿਆ ਸੀ। ਇਸ ਸਮੇਂ ਤੋਂ ਪਹਿਲਾਂ ਉਨ੍ਹਾਂ ਨੂੰ ਸਮਾਜ ਵਿਚ ਕਾਫ਼ੀ ਇੱਜ਼ਤ ਮਾਣ ਪ੍ਰਦਾਨ ਕੀਤਾ ਜਾਂਦਾ ਸੀ ਤੇ ਉਨ੍ਹਾਂ ਉੱਪਰ ਸਿੱਖਿਆ ਪ੍ਰਦਾਨ ਕਰਨ ਲਈ ਬਹੁਤੀਆਂ ਪਾਬੰਦੀਆਂ ਨਹੀਂ ਸੀ ਲਗਾਈਆਂ ਜਾਂਦੀਆਂ। ਸਮੇਂ ਦੇ ਬੀਤਣ ਨਾਲ ਸਮਾਜਿਕ ਪੱਖ ਤੋਂ ਬ੍ਰਾਹਮਣਾਂ ਨੇ ਸਮਾਜ ਦੇ ਸਾਰੇ ਪੱਖਾਂ ਤੇ ਆਪਣਾ ਪ੍ਰਭਾਵ ਪਾ ਲਿਆ ਤੇ ਸਿੱਖਿਆ ਤੇ ਇੱਕ ਪ੍ਰਕਾਰ ਦਾ ਕਬਜ਼ਾ ਹੀ ਕਰ ਲਿਆ ਤੇ ਇਸਤਰੀਆਂ ਨੂੰ ਘਰ ਦੇ ਕੰਮ ਕਾਜ਼ ਵਿਚ ਉਲਝਾ ਕੇ ਉਨ੍ਹਾਂ ਨੂੰ ਉੱਥੋਂ ਤੱਕ ਹੀ ਸੀਮਤ ਕਰ ਦਿੱਤਾ ਤੇ ਹੌਲੀ-ਹੌਲੀ ਇਸ ਪ੍ਰਕਾਰ ਦੀ ਸਥਿਤੀ ਹੀ ਸਥਾਪਤ ਕਰ ਦਿੱਤੀ ਕਿ ਉਨ੍ਹਾਂ ਨੂੰ ਪੜ੍ਹਾਈ ਨਾ ਕਰਨ ਦੇ ਯੋਗ ਹੀ ਬਣਾ ਦਿੱਤਾ। ਇਸ ਦੇ ਨਾਲ-ਨਾਲ ਉਨ੍ਹਾਂ ਦੀਆਂ ਸਰੀਰਕ ਕਮਜ਼ੋਰੀਆਂ ਨੇ ਵੀ ਉਨ੍ਹਾਂ ਨੂੰ ਜ਼ਰਾਇਤ ਖੇਤਰ ਵਿਚ ਪਿੱਛੇ ਹੀ ਧਕੇਲ ਦਿੱਤਾ ਤੇ ਉਹ ਨੁਕਰੇ ਹੀ ਲੱਗ ਗਈਆਂ। ਇਸ ਦਾ ਨਤੀਜਾ ਇਹ ਹੋਇਆ ਕਿ ਭਾਵੇਂ ਮਰਦਾਂ ਵਿੱਚ ਵੀ ਸਾਖਰਤਾ ਕਾਫ਼ੀ ਵਧੀ ਪਰ ਇਹ

ਇਸਤਰੀਆਂ ਵਿਚ ਤਾਂ ਇਹ ਲਗਭਗ ਅਲੋਪ ਹੀ ਹੋ ਗਈ। ਲੜਕੀਆਂ ਨੂੰ ਸਕੂਲ ਵਿੱਚ ਨਹੀਂ ਸੀ ਪਾਇਆ ਜਾਂਦਾ। ਇਸ ਦਾ ਨਤੀਜਾ ਇਹ ਨਿਕਲਿਆ ਕਿ 1947 ਵਿਚ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਮਰਦਾਂ ਵਿੱਚ ਸਾਖਰਤਾ 37% ਦੇ ਕਰੀਬ ਸੀ ਜਦੋਂ ਕਿ ਇਸਤਰੀਆਂ ਵਿਚ ਇਹ ਕੇਵਲ 8% ਦੇ ਲਗਭਗ ਹੀ ਸੀ। ਇਸ ਦੇ ਕਈ ਕਾਰਨ ਹੋ ਸਕਦੇ ਹਨ ਜਿਵੇਂ ਕਿ ਭਾਰਤ ਵਿਚ ਮੁਸਲਿਮ ਰਾਜ ਵਿੱਚ ਵੀ ਇਸਤਰੀ ਸਿੱਖਿਆ ਨੂੰ ਧੱਕਾ ਹੀ ਲੱਗਿਆ ਸੀ ਕਿਉਂਕਿ ਉਹ ਇਸਤਰੀਆਂ ਨੂੰ ਪਰਦੇ ਵਿੱਚ ਤੇ ਬੁਰਕਾ ਪਾ ਕੇ ਰੱਖਣ ਵਿੱਚ ਵਿਸ਼ਵਾਸ ਰੱਖਦੇ ਸਨ। ਇਸ ਦੇ ਕਾਰਨ ਕੁਝ ਇਕ ਅਮੀਰ ਘਰਾਣਿਆਂ ਦੀ ਲੜਕੀਆਂ ਨੂੰ ਛੱਡ ਕੇ ਜਿਨ੍ਹਾਂ ਦੇ ਪੜ੍ਹਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਜਾਂਦੇ ਸੀ, ਬਾਕੀ ਕੁੜੀਆਂ ਸਿੱਖਿਆ ਤੋਂ ਵਾਂਝੀਆਂ ਹੀ ਰਹਿੰਦੀਆਂ ਸੀ।

ਅਸਲ ਗੱਲ ਤਾਂ ਇਹ ਵੀ ਹੈ ਕਿ ਅੰਗਰੇਜ਼ਾਂ ਨੇ ਤੇ ਇਸਾਈ ਪਾਦਰੀਆਂ ਨੇ ਭਾਵੇਂ ਸਿੱਖਿਆ ਨੂੰ ਫੈਲਾਉਣ ਦੇ ਕੁਝ ਉਪਰਾਲੇ ਕੀਤੇ ਪਰ ਉਹ ਉਨ੍ਹਾਂ ਦੇ ਆਪਣੇ ਲਾਭਾਂ ਤੱਕ ਹੀ ਸੀਮਿਤ ਰਹੇ। ਇਸ ਸਮੇਂ ਵਿਚ ਇਸਤਰੀ ਸਿੱਖਿਆ ਨੂੰ ਹੁੰਗਾਰਾ ਵੀ ਮਿਲਿਆ ਜਿਸ ਦੇ ਕਾਰਨ ਹਵਾ ਦਾ ਰੁਖ ਤਾਂ ਇਨ੍ਹਾਂ ਦੇ ਹੱਕ ਵਿਚ ਜ਼ਰੂਰ ਬਦਲਿਆ ਪਰ ਇਸਦਾ ਲਾਭ ਕੇਵਲ ਸੀਮਤ ਹੱਦ ਤੱਕ ਹੀ ਹੋਇਆ।

ਭਾਵੇਂ 1947 ਵਿੱਚ ਮਿਲੀ ਆਜ਼ਾਦੀ ਤੋਂ ਬਾਅਦ ਇਸ ਪੱਖ ਤੋਂ ਕਾਫ਼ੀ ਵਾਧਾ ਹੋਇਆ ਹੈ ਪਰ ਹਾਲਾਤ ਅਜਿਹੇ ਹਨ ਕਿ ਇਹ ਵਾਧਾ ਆਬਾਦੀ ਦੇ ਵਧਣ ਨਾਲ ਮੇਲ ਨਹੀਂ ਖਾ ਸਕਿਆ ਕਿਉਂਕਿ 1991 ਵਿਚ ਅਨਪੜ੍ਹ ਔਰਤਾਂ ਦੀ ਕੁੱਲ ਗਿਣਤੀ 1981 ਨਾਲੋਂ ਵੀ ਵੱਧ ਹੋ ਗਈ ਸੀ।

ਇਹ ਵੀ ਇਕ ਕਾਰਨ ਹੈ ਕਿ ਭਾਰਤ ਬਹੁਤ ਸਮੇਂ ਤੋਂ ਮਰਦ ਪ੍ਰਧਾਨ ਸਮਾਜ ਰਿਹਾ ਹੈ ਤੇ ਆਸ ਇਹ ਕੀਤੀ ਜਾਂਦੀ ਹੈ ਕਿ ਹਾਲੇ ਕਾਫ਼ੀ ਸਮੇਂ ਤੱਕ ਅਜਿਹਾ ਹੀ ਰਹੇਗਾ, ਜਿਸ ਬਾਬਤ ਇਸ ਗੱਲ ਤੋਂ ਵੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਅੱਜ ਵੀ ਸੰਗਠਿਤ ਅਦਾਰਿਆਂ ਵਿੱਚ ਤੇ ਸਰਕਾਰੀ ਸੰਸਥਾਵਾਂ ਵਿਚ ਇਸਤਰੀ ਮੁਲਾਜ਼ਮਾਂ ਦੀ ਗਿਣਤੀ ਮਰਦਾਂ ਨਾਲੋਂ ਕਾਫ਼ੀ ਘੱਟ ਹੈ। ਵਿਕਸਤ ਦੇਸ਼ਾਂ ਨੇ ਇਹ ਗੱਲ ਪੂਰਨ ਭਾਂਤ ਸਥਾਪਤ ਕਰ ਦਿੱਤੀ ਹੈ ਕਿ ਔਰਤ ਕਿਸੇ ਕੰਮ ਵਿਚ ਵੀ ਮਰਦਾਂ ਨਾਲੋਂ ਘੱਟ ਨਹੀਂ ਹੁੰਦੀਆਂ ਤੇ ਕੋਈ ਵੀ ਅਜਿਹੇ ਕਿੱਤੇ ਨਹੀਂ ਹਨ ਜਿਨ੍ਹਾਂ ਵਿੱਚ ਕੇਵਲ ਮਰਦ ਹੀ ਕੰਮ ਕਰ ਰਹੇ ਹੁੰਦੇ ਹਨ ਤੇ ਉਹ ਮਰਦਾਂ ਲਈ ਰਾਖਵੇਂ ਹੁੰਦੇ ਹਨ। ਜਿੱਥੇ ਇਹ ਹਰ ਪ੍ਰਕਾਰ ਦੀਆਂ ਛੋਟੀਆਂ ਤੋਂ ਵੱਡੀਆਂ ਨੌਕਰੀਆਂ ਵਿਚ ਬਰਾਬਰ ਦੀਆਂ ਭਾਈਵਾਲ ਹੁੰਦੀਆਂ ਹਨ ਤੇ ਪੁਲਿਸ ਤੇ ਫੌਜ ਵਿੱਚ ਵੀ ਬਰਾਬਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੀਆਂ ਹਨ। ਅਜਿਹੇ ਦੇਸ਼ਾਂ ਵਿੱਚ ਕੋਈ ਵੀ ਅਜਿਹੇ ਕਿੱਤੇ ਨਹੀਂ ਹੁੰਦੇ ਜਿਨ੍ਹਾਂ ਵਿਚ ਕੇਵਲ ਮਰਦ ਹੀ ਕੰਮ ਕਰਦੇ ਹਨ। ਇਸਤਰੀਆਂ ਹਰ ਪ੍ਰਕਾਰ ਦੀਆਂ ਨੌਕਰੀਆਂ ਕਰਦੀਆਂ ਹਨ ਤੇ ਹਰ ਪ੍ਰਕਾਰ ਦੀ ਸਿੱਖਿਆ ਤੇ ਟ੍ਰੇਨਿੰਗ ਵੀ ਪ੍ਰਾਪਤ ਕਰਦੀਆਂ ਹਨ।

ਦੁਨੀਆਂ ਭਰ ਵਿੱਚ ਕੀਤੀਆਂ ਖੋਜਾਂ ਦੇ ਅਧਿਐਨ ਤੋਂ ਇਹ ਪਤਾ ਚਲਦਾ ਹੈ ਕਿ ਦੁਨੀਆਂ ਭਰ ਵਿੱਚ ਇਸਤਰੀਆਂ ਦੇ ਪਿਛੜੇਪਣ ਤੇ ਵਿਤਕਰੇ ਦਾ ਇਹ ਵੱਡਾ ਕਾਰਨ ਇਨ੍ਹਾਂ ਦੀ ਅਨਪੜ੍ਹਤਾ ਹੈ ਤੇ ਉਨ੍ਹਾਂ ਨੂੰ ਸਿੱਖਿਆ ਦੇ ਮੌਕੇ ਨਾ ਪ੍ਰਦਾਨ ਕਰਨਾ ਹੁੰਦਾ ਹੈ। ਅਜਿਹਾ ਪਿਛੜੇ ਹੋਏ ਤੇ ਵਿਕਾਸ ਕਰ ਰਹੇ ਦੇਸ਼ਾਂ ਵਿੱਚ ਵਿਕਸਤ ਦੇਸ਼ਾਂ ਨਾਲੋਂ ਬਹੁਤ ਘੱਟ ਹੈ।

ਇਸ ਦੇ ਕਈ ਕਾਰਨਾਂ ਵਿੱਚੋਂ ਇਕ ਭਾਰਤ ਵਿਚ ਇਕ ਇਹ ਵਜ੍ਹਾ ਹੈ ਕਿ ਲੜਕੀਆਂ ਦੇ ਮਾਪੇ ਲੜਕੀਆਂ ਨੂੰ ਨੇਕ ਚਾਲ ਚਲਣ ਸਹਿਤ ਉਨ੍ਹਾਂ ਦੇ ਸਹੁਰਿਆਂ ਦੇ ਪਰਿਵਾਰਾਂ ਨੂੰ ਸੌਂਪਣਾ ਚਾਹੁੰਦੇ ਹਨ। ਇਸ ਬਾਰੇ ਸੈਨਲਡ ਡਿਸਾਈ ਦਾ ਕਥਨ ਹੈ, "ਲੜਕੀਆਂ ਨੂੰ ਸਕੂਲ ਨਾ ਘਲਣ ਦਾ ਇੱਕ ਕਾਰਨ ਉਨ੍ਹਾਂ ਦੇ ਕੁੰਵਾਰੇਪਣ ਨੂੰ

ਅਛੋਹ ਰੱਖਣਾ ਹੁੰਦਾ ਹੈ। ਜਦੋਂ ਸਕੂਲ ਕੁਝ ਫਾਸਲੇ ਤੇ ਹੋਣ, ਜਦੋਂ ਅਧਿਆਪਕ ਮਰਦ ਹੋਣ ਤੇ ਜਦੋਂ ਲੜਕੀਆਂ ਨੂੰ ਲੜਕਿਆਂ ਦੇ ਨਾਲ ਪੜ੍ਹਨਾ ਹੁੰਦਾ ਹੈ ਤਾਂ ਮਾਪੇ ਉਨ੍ਹਾਂ ਦੇ ਬ੍ਰਹਮਚਾਰੀਆ ਦੇ ਤੋੜਨ ਦੇ ਖਤਰੇ ਦੇ ਕਾਰਨ ਆਮ ਕਰਕੇ ਲੜਕੀਆਂ ਨੂੰ ਸਕੂਲ ਨਹੀਂ ਘਲਦੇ।"

ਮੋਟੇ ਤੌਰ ਤੇ ਇਹ ਕਿਹਾ ਜਾਂਦਾ ਹੈ ਕਿ ਦੁਨੀਆਂ ਭਰ ਵਿਚ ਮਰਦਾਂ ਤੇ ਇਸਤਰੀਆਂ ਦੀ ਗਿਣਤੀ ਲਗਭਗ ਬਰਾਬਰ ਹੁੰਦੀ ਹੈ। ਫਿਰ ਵੀ ਇਹ ਗੱਲ ਵੀ ਠੀਕ ਹੈ ਕਿ ਵਿਕਾਸ ਕਰ ਰਹੇ ਤੇ ਗੈਰ ਵਿਕਸਤ ਦੇਸ਼ਾਂ ਵਿੱਚ ਇਨ੍ਹਾਂ ਦੀ ਗਿਣਤੀ ਮਰਦਾਂ ਨਾਲੋਂ ਘੱਟ ਹੁੰਦੀ ਹੈ ਜਿਸ ਦਾ ਕਾਰਨ ਸਮਾਜਿਕ ਵਿਤਕਰਾ ਹੈ ਤੇ ਮਰਦ ਪ੍ਰਧਾਨ ਸਮਾਜ ਵੀ ਹੁੰਦਾ ਹੈ। ਇਸ ਪ੍ਰਕਾਰ ਦੇ ਵਿਤਕਰੇ ਦਾ ਇਕ ਕਾਰਨ ਇਹ ਵੀ ਹੁੰਦਾ ਹੈ ਕਿ ਉਨ੍ਹਾਂ ਨੂੰ ਲੋੜੀਂਦੀ ਸਿੱਖਿਆ ਪ੍ਰਾਪਤ ਕਰਨ ਦੇ ਮੌਕੇ ਨਹੀਂ ਮਿਲਦੇ ਜਿਸ ਦੇ ਕਾਰਨ ਉਨ੍ਹਾਂ ਨੂੰ ਘਰ ਤੋਂ ਬਾਹਰ ਤਨਖਾਹ ਵਾਲੀਆਂ ਨੌਕਰੀਆਂ ਨਾ ਕਰਨ ਨਾਲ ਆਰਥਿਕ ਤੇ ਸਮਾਜਿਕ ਪੱਖ ਤੋਂ ਪਛੜੇ ਰਹਿਣਾ ਪੈਂਦਾ ਹੈ। ਇਸ ਤੋਂ ਇੱਕ ਮੋਟਾ ਸਿੱਟਾ ਇਹ ਵੀ ਕੱਢਿਆ ਜਾ ਸਕਦਾ ਹੈ ਕਿ ਜਿਨ੍ਹਾਂ ਵੀ ਕੋਈ ਦੇਸ਼ ਵਿਕਸਤ ਹੋਵੇਗਾ ਉਨ੍ਹਾਂ ਦੀ ਵੱਧ ਤੇ ਉੱਚਤਮ ਸਿੱਖਿਆ ਪ੍ਰਾਪਤ ਉਥੇ ਦੀਆਂ ਇਸਤਰੀਆਂ ਹੋਣਗੀਆਂ।

**1.1.3 ਇਸਤਰੀ ਸਿੱਖਿਆ ਦੇ ਅਰਥ :** ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਇਸਤਰੀਆਂ ਵਿਚ ਇਕੱਲਾਪਣ, ਉਨ੍ਹਾਂ ਨਾਲ ਕੀਤਾ ਜਾਣ ਵਾਲਾ ਵਿਤਕਰਾ ਤੇ ਉਨ੍ਹਾਂ ਨੂੰ ਮਰਦਾਂ ਦੇ ਅਧੀਨ ਰੱਖਣਾ ਤੇ ਉਨ੍ਹਾਂ ਨੂੰ ਊਚ-ਨੀਚ ਬੋਲਣਾ (ਘਰ ਵਿੱਚ ਵੀ ਤੇ ਬਾਹਰ ਵੀ) ਤੇ ਉਨ੍ਹਾਂ ਨਾਲ ਬੁਰਾ ਵਿਵਹਾਰ ਹਰ ਪੱਧਰ ਤੇ ਕਰਨਾ ਤੇ ਉਨ੍ਹਾਂ ਨੂੰ ਨੀਂਵੇ ਪੱਧਰ ਦੇ ਵਿਅਕਤੀ ਸਮਝਣ ਦੇ ਕਈ ਕਾਰਨ ਹੁੰਦੇ ਹਨ ਜਿਵੇਂ ਕਿ ਸਮਾਜਿਕ, ਸਭਿਆਚਾਰਕ, ਨੈਤਿਕ, ਸਿੱਖਿਅਕ, ਲਿੰਗ, ਉਚ ਕੀਮਤਾਂ ਆਦਿ। ਇਸ ਪੱਖ ਨੂੰ ਸੁਧਾਰਨ ਲਈ ਬਹੁਤ ਭਾਂਤ ਦੇ ਉਪਰਾਲੇ ਕਰਨੇ ਪੈਣਗੇ। ਭਾਰਤ ਵਿੱਚ ਤਾਂ ਹਾਲਾਤ ਇੰਨੇ ਖਰਾਬ ਹਨ ਕਿ ਮਾਂ ਦੇ ਪੇਟ ਵਿੱਚ ਇਹ ਪਤਾ ਲੱਗਣ ਤੇ ਕਿ ਬੱਚਾ ਇਕ ਲੜਕੀ ਹੈ, ਗਰਭ ਗਿਰਾ ਦਿੱਤਾ ਜਾਂਦਾ ਹੈ। ਬਹੁਤ ਵਾਰ ਲੜਕੀਆਂ ਨੂੰ ਪੈਦਾ ਹੋਣ ਤੇ ਵੀ ਮਾਰ ਦਿੱਤਾ ਜਾਂਦਾ ਹੈ ਜਾਂ ਫਿਰ ਕੂੜੇ ਵਿੱਚ ਸੁੱਟ ਦਿੱਤਾ ਜਾਂਦਾ ਹੈ। ਭਾਵੇਂ ਇਸ ਬਾਰੇ ਬੜਾ ਸਖ਼ਤ ਕਾਨੂੰਨ ਬਣਾਇਆ ਗਿਆ ਹੈ ਤੇ ਅਜਿਹਾ ਕਰਨ ਦੇ ਜ਼ੁਰਮ ਵਿਚ 5 ਸਾਲ ਦੀ ਕੈਦ ਤੇ ਜੁਰਮਾਨਾ ਵੀ ਹੋ ਸਕਦਾ ਹੈ ਤਾਂ ਵੀ ਲੁਕ ਛੁਪ ਕੇ ਅਜਿਹਾ ਹੋ ਹੀ ਰਿਹਾ ਹੈ। ਲੜਕੀਆਂ ਨਾਲ ਦੇਖਭਾਲ ਕਰਨ, ਖਾਣਾ ਦੇਣ ਤੇ ਕੱਪੜੇ ਪ੍ਰਦਾਨ ਕਰਨ ਲਈ ਵੀ ਵਿਤਕਰਾ ਕੀਤਾ ਜਾ ਸਕਦਾ ਹੈ। ਦੁਨੀਆਂ ਭਰ ਵਿੱਚ ਕੀਤੀਆਂ ਖੋਜਾਂ ਦੇ ਸਿੱਟੇ ਤੋਂ ਤੇ ਸਾਡੇ ਸੰਵਿਧਾਨ ਦੀਆਂ ਧਾਰਾਵਾਂ ਅਨੁਸਾਰ, ਇਹ ਗੱਲ ਸਪੱਸ਼ਟ ਹੁੰਦੀ ਹੈ ਕਿ ਲੜਕੇ ਤੋਂ ਲੜਕੀਆਂ ਨੂੰ ਹਰ ਪੱਖ ਤੋਂ ਬਰਾਬਰ ਦੇ ਹੱਕ ਮਿਲਣੇ ਚਾਹੀਦੇ ਹਨ। ਭਾਵੇਂ ਇਹ ਚਾਨਣ ਤਾਂ ਮਿਲ ਰਿਹਾ ਹੈ ਤੇ ਵਿਤਕਰਾ ਘੱਟ ਵੀ ਰਿਹਾ ਹੈ ਪਰ ਇਹ ਗੱਲ ਉਭਰ ਕੇ ਸਾਹਮਣੇ ਆ ਰਹੀ ਹੈ ਕਿ ਇਸ ਬਾਰੇ ਇਕ ਵੱਡਾ ਉਪਰਾਲਾ ਹੋਵੇਗਾ ਕਿ ਲੜਕੇ ਤੇ ਲੜਕੀਆਂ ਨੂੰ ਹਰ ਪੱਖ ਤੋਂ ਸਿੱਖਿਆ ਪ੍ਰਦਾਨ ਕਰਨ ਲਈ ਬਰਾਬਰ ਦੇ ਸਾਧਨ ਪ੍ਰਦਾਨ ਕਰਕੇ ਸਿੱਖਿਅਤ ਕਰਨਾ ਹੋਵੇਗਾ। ਅਜਿਹਾ ਕਰਨ ਲਈ ਇਹ ਕਾਫ਼ੀ ਨਹੀਂ ਹੋਵੇਗਾ ਕਿ ਉਨ੍ਹਾਂ ਨੂੰ ਸਿੱਖਿਆ ਪ੍ਰਦਾਨ ਕਰਨ ਲਈ ਵੱਖਰੇ ਅਦਾਰੇ ਹੀ ਸਥਾਪਤ ਕੀਤੇ ਜਾਣ ਸਗੋਂ ਇਹ ਚਾਹੀਦਾ ਹੁੰਦਾ ਹੈ ਕਿ ਉਨ੍ਹਾਂ ਨੂੰ ਹਰ ਪ੍ਰਕਾਰ ਦੇ ਅਦਾਰਿਆਂ ਵਿੱਚ ਦਾਖਲਾ ਲੈਣ ਦੇ ਬਰਾਬਰ ਦੇ ਅਧਿਕਾਰ ਦਿੱਤੇ ਜਾਣ ਤਾਂ ਕਿ ਉਹ ਸਿੱਖਿਆ ਪ੍ਰਾਪਤ ਕਰਕੇ ਮਰਦਾਂ ਨਾਲ ਮੋਢੇ ਨਾਲ ਮੋਢਾ ਲਾ ਕੇ ਸਾਰੇ ਕੰਮ ਕਰਨ ਤੇ ਉਨ੍ਹਾਂ ਦੀ ਲਗਭਗ 50% ਜਨਸੰਖਿਆ ਵੀ ਦੇਸ਼ ਦੇ ਹਰ ਪੱਖ ਦੇ ਵਿਕਾਸ ਵਿੱਚ ਭਾਈਵਾਲ ਬਣਨ। ਇਸ ਪ੍ਰਕਾਰ ਕਰਨ ਨਾਲ ਕੰਮ ਕਰਨ ਵਾਲੀ ਜਨਸੰਖਿਆ ਦੁਗਣੀ ਹੋ ਜਾਵੇਗੀ ਤੇ ਦੇਸ਼ ਦੇ ਸਰਵਪੱਖੀ ਵਿਕਾਸ ਬਾਰੇ ਸਥਿਤੀ ਸਪਸ਼ੱਟ ਹੋ ਜਾਵੇਗੀ। ਇਸ ਪੱਖ ਤੋਂ ਸਰਕਾਰ ਵਲੋਂ ਕਾਫ਼ੀ ਸਹੂਲਤਾਂ ਤਾਂ ਪ੍ਰਦਾਨ ਕੀਤੀਆਂ

ਜਾ ਰਹੀਆਂ ਹਨ। ਇਸ ਨੂੰ ਦੇਖਦਿਆਂ ਹੋਇਆਂ ਜੰਮੂ ਤੇ ਕਸ਼ਮੀਰ ਨੇ ਲੜਕੀਆਂ ਦੀ ਸਿੱਖਿਆ ਨੂੰ ਹਰ ਪੱਧਰ ਤੇ ਮੁਫ਼ਤ ਪ੍ਰਦਾਨ ਕਰਨ ਦਾ ਉਪਰਾਲਾ ਵੀ ਕੀਤਾ ਹੈ।

### 1.1.4 ਇਸਤਰੀ ਸਿੱਖਿਆ ਦੀ ਲੋੜ :

ਅਹਿਮਦਾਬਾਦ ਵਿੱਚ ਜਿਸ ਨੂੰ ਅੰਗਰੇਜ਼ੀ ਰਾਜ ਦੇ ਸਮੇਂ ਵਿੱਚ ਯੂ.ਕੇ. ਦਾ ਮਾਨਚੈਸਟਰ ਕਿਹਾ ਜਾਂਦਾ ਸੀ ਕਿਉਂਕਿ ਉੱਥੇ ਕੱਪੜਾ ਬਣਾਉਣ ਦਾ ਕੰਮ ਬਹੁਤ ਹੁੰਦਾ ਹੈ। ਇੱਥੇ ਕੱਪੜਾ ਬੁਣਨ ਦੀਆਂ ਮਸ਼ੀਨਾਂ ਸ਼ਹਿਰ ਵਿੱਚ ਤੰਗ ਗਲੀਆਂ ਵਿੱਚ ਲੱਗੀਆਂ ਹੋਈਆਂ ਸੀ ਤੇ ਇਸ ਦਾ ਵਪਾਰ ਨਵੇਂ ਤੇ ਖੁੱਲੇ ਇਲਾਕੇ ਦੀਆਂ ਵੱਡੀਆਂ ਦੁਕਾਨਾਂ ਵਿੱਚ ਹੁੰਦਾ ਸੀ। ਸਿੱਟਾ ਇਹ ਸੀ ਕਿ ਪਹਿਲ ਕੱਪੜਾ ਬੁਣਨ ਦਾ ਕੱਚਾ ਮਾਲ ਸ਼ਹਿਰ ਦੀਆਂ ਤੰਗ ਗਲੀਆਂ ਵਿੱਚ ਲੈ ਜਾਇਆ ਜਾਂਦਾ ਸੀ। ਜਦੋਂ ਕੱਪੜਾ ਤਿਆਰ ਹੋ ਜਾਂਦਾ ਸੀ ਤਾਂ ਉਹ ਨਵੀਨ ਪ੍ਰਕਾਰ ਦੇ ਇਲਾਕੇ ਵਿਚ ਲੈ ਜਾਇਆ ਜਾਂਦਾ ਸੀ। ਸ਼ਹਿਰ ਦੀਆਂ ਗਲੀਆਂ ਇੰਨੀਆਂ ਤੰਗ ਸੀ ਕਿ ਉਥੇ ਕਿਸੇ ਕਿਸਮ ਤੇ ਟਰੱਕ ਨਹੀਂ ਸੀ ਲੈ ਜਾਏ ਜਾ ਸਕਦੇ। ਸਾਰਾ ਸਾਮਾਨ ਲਕੜੀ ਦੇ ਰੇੜ੍ਹਿਆਂ ਤੇ ਹੀ ਲੈ ਜਾਇਆ ਜਾਂਦਾ ਸੀ। ਜਿਸ ਨੂੰ ਦੋ ਵਿਅਕਤੀ ਖਿੱਚਦੇ ਸਨ। ਇੱਕ ਅੱਗੇ ਤੋਂ ਖਿੱਚਦਾ ਸੀ ਤੇ ਇੱਕ ਪਿੱਛੇ ਤੋਂ ਧੱਕਾ ਲਾਉਂਦਾ ਸੀ।ਆਮ ਕਰਕੇ ਅੱਗੇ ਤੋਂ ਖਿੱਚਣ ਵਾਲਾ ਵਿਅਕਤੀ ਮਰਦ ਹੁੰਦਾ ਸੀ ਤੇ ਪਿੱਛੇ ਤੋਂ ਧੱਕਾ ਲਾਉਣ ਵਾਲੀ ਇੱਕ ਔਰਤ ਹੁੰਦੀ ਸੀ ਕਿਉਂਕਿ ਉਸ ਨੂੰ ਜ਼ੋਰ ਘੱਟ ਲਾਉਣਾ ਪੈਂਦਾ ਸੀ। ਉਹ ਆਮ ਤੌਰ ਤੇ ਅਨਪੜ੍ਹ ਹੁੰਦੀ ਸੀ। ਇਨ੍ਹਾਂ ਮਰਦਾਂ ਤੇ ਇਸਤਰੀਆਂ ਦਾ ਆਪਸ ਦਾ ਰਿਸ਼ਤਾ ਕਈ ਪ੍ਰਕਾਰ ਦਾ ਹੋ ਸਕਦਾ ਸੀ। ਉਹ ਪਿਓ ਤੇ ਧੀ ਵੀ ਹੋ ਸਕਦੇ ਸੀ, ਉਹ ਮਾਂ ਤੇ ਪੁੱਤਰ ਵੀ ਹੋ ਸਕਦੇ ਸੀ ਜਾਂ ਫੇਰ ਵਹੁਟੀ ਤੇ ਲਾੜਾ ਵੀ ਹੋ ਸਕਦੇ ਸੀ। ਬਹੁਤੀ ਵਾਰ ਉਹ ਵਿਆਹੇ ਹੋਏ ਇਸਤਰੀ ਤੇ ਮਰਦ ਦਾ ਜੋੜਾ ਹੀ ਹੁੰਦੇ ਸੀ। ਇਸ ਕਿੱਤੇ ਵਿੱਚ ਲੱਗੇ ਜੋੜੇ ਵਿੱਚ ਇਸਤਰੀਆਂ ਦੀ ਹਾਲਤ ਬਹੁਤ ਤਰਸਯੋਗ ਸੀ। ਆਮ ਕਰਕੇ ਇਕ ਜੋੜਾ 20 ਰੁਪਏ ਰੋਜ਼ ਕਮਾਉਂਦਾ ਹੁੰਦਾ ਸੀ। ਉਹ ਲਕੜੀ ਦਾ ਰੇਹੜਾ ਕਿਰਾਏ ਤੇ ਲੈਂਦੇ ਸੀ ਤੇ ਉਸ ਦਾ ਕਿਰਾਇਆ 5 ਰੁਪਏ ਰੋਜ਼ ਦੇਣਾ ਪੈਂਦਾ ਸੀ। ਆਮ ਕਰਕੇ ਮਰਦ ਜੋ ਰੇਹੜੇ ਨੂੰ ਅੱਗੇ ਤੋਂ ਖਿੱਚਦਾ ਸੀ ਉਹ ਕਹਿੰਦਾ ਸੀ ਕਿ ਉਹ ਬਹੁਤ ਥੱਕ ਗਿਆ ਸੀ ਤੇ ਉਹ 1 ਰੁਪਏ ਦੀ ਸ਼ਰਾਬ ਪੀ ਲੈਂਦਾ ਸੀ। ਬਾਕੀ ਦੇ ਪੰਜ ਰੁਪਏ ਵਿਚ ਇਸਤਰੀ ਨੂੰ ਘਰ ਦਾ ਖਰਚਾ ਚਲਾਉਣਾ ਹੁੰਦਾ ਸੀ। ਘਰ ਵਿਚ ਸਭ ਨਾਲੋਂ ਵੱਧ ਤੇ ਵਧੀਆ ਖਾਣਾ ਖਾਣ ਦਾ ਹੱਕ ਮਰਦ ਦਾ ਹੁੰਦਾ ਸੀ। ਘਰ ਵਿਚ ਲੜਾਈ ਕਰਨਾ, ਮਾਰ ਕੁਟਾਈ ਕਰਨਾ ਤੇ ਬੱਚਿਆਂ ਨਾਲ ਦੁਰ–ਵਿਵਹਾਰ ਕਰਨਾ ਮਰਦ ਦਾ ਹਰ ਰੋਜ਼ ਦਾ ਵਿਹਾਰ ਹੁੰਦਾ ਸੀ। ਇਸਤਰੀ ਦੀ ਹਾਲਤ ਬਹੁਤ ਪਤਲੀ ਹੁੰਦੀ ਸੀ। ਉਸ ਨੂੰ ਹਰ ਰੋਜ਼ ਸਵੇਰੇ ਉੱਠ ਕੇ ਘਰ ਦਾ ਕੰਮ ਕਰਨ ਤੋਂ ਬਾਅਦ ਫਿਰ ਮਰਦ ਦੇ ਨਾਲ ਕੰਮ ਕਰਨਾ ਹੁੰਦਾ ਸੀ ਭਾਵੇਂ ਉਹ ਬੀਮਾਰ ਹੋਵੇ ਜਾਂ ਮਾਂ ਬਣਨ ਵਾਲੀ ਹੋਵੇ। ਜੇ ਉਸ ਨੇ ਬੱਚੇ ਨੂੰ ਜਨਮ ਵੀ ਦਿੱਤਾ ਹੋਵੇ ਤਾਂ ਵੀ ਉਹ ਸਿਰਫ਼ ਕੁਝ ਦਿਨ ਹੀ ਘਰ ਠਹਿਰ ਸਕਦੀ ਸੀ। ਫੇਰ ਉਸ ਨੂੰ ਪੁਰਾਣੀ ਤਰ੍ਹਾਂ ਨਾਲ ਹੀ ਕੰਮ ਕਰਨਾ ਪੈਂਦਾ ਸੀ ਤੇ ਬਹੁਤ ਬੁਰਾ ਵਿਹਾਰ ਬਰਦਾਸ਼ਤ ਕਰਨਾ ਹੁੰਦਾ ਸੀ।

ਇੱਕ ਗੈਰ ਸਰਕਾਰੀ ਸੰਗਠਨ ਨੇ ਇਨ੍ਹਾਂ ਇਸਤਰੀਆਂ ਦੀ ਹਾਲਤ ਦੇਖੀ ਕਿ ਇਹ ਬਹੁਤ ਨੀਵੀਂ ਪੱਧਰ ਦਾ ਜਾਨਵਰਾਂ ਵਾਲਾ ਜੀਵਨ ਬਤੀਤ ਕਰ ਰਹੀਆਂ ਸੀ। ਉਨ੍ਹਾਂ ਨੂੰ ਬਹੁਤ ਤਰਸ ਆਇਆ ਤੇ ਉਨ੍ਹਾਂ ਨੇ ਇਨ੍ਹਾਂ ਦੀ ਹਾਲਤ ਨੂੰ ਸੁਧਾਰਨ ਦਾ ਬੀੜਾ ਚੁੱਕਿਆ ਤੇ ਉਨ੍ਹਾਂ ਦਾ ਇਕ ਸੰਗਠਨ ਬਣਾਉਣ ਦਾ ਫੈਸਲਾ ਕੀਤਾ ਜਿਸ ਦਾ ਨਾਮ ਸੇਵਾ ਰੱਖਿਆ। ਉਸ ਦੀਆਂ ਮੈਂਬਰ ਇਸਤਰੀਆਂ ਨੂੰ ਮੁਫ਼ਤ ਇੱਕ ਘੰਟਾ ਰੋਜ਼ ਪੜ੍ਹਾਉਣਾ ਸ਼ੁਰੂ ਕੀਤਾ। ਜੋ ਇਸਤਰੀਆਂ ਮੈਂਬਰ ਬਣੀਆਂ ਉਨ੍ਹਾਂ ਵਿਚੋਂ ਹਰ ਇੱਕ ਨੂੰ 500 ਰੁਪਏ ਦਾ ਕਰਜ਼ਾ ਬਗੈਰ ਵਿਆਜ਼ ਦੇ ਦੇਣ ਦਾ ਪ੍ਰਬੰਧ ਕੀਤਾ। ਸ਼ਰਤ ਸਿਰਫ਼ ਇਹ ਸੀ ਕਿ ਉਹ ਉਸ ਨਾਲ ਇਕ ਰੇਹੜਾ ਕੇਵਲ ਆਪਣੇ ਨਾਮ ਤੇ ਹੀ

ਖਰੀਦੇਗੀ। ਉਸ ਨੂੰ ਵੇਚਣ ਦਾ ਅਧਿਕਾਰ ਨਹੀਂ ਹੋਵੇਗਾ। ਇਸ ਪ੍ਰਕਾਰ ਉਹ ਔਰਤ 5 ਰੁਪਏ ਰੋਜ਼ ਕਰਜ਼ਾ ਦੇਣ ਵਾਲੀ ਸੰਸਥਾ ਨੂੰ ਵਾਪਸ ਕਰਦੀ ਰਹੀ ਸੀ ਜੋ ਕਿ ਕੇਵਲ ਉਸ ਦਾ ਪਹਿਲਾ ਦੇਣ ਵਾਲੇ ਕਿਰਾਏ ਦੇ ਬਰਾਬਰ ਹੀ ਹੋਵੇਗਾ ਤੇ ਇਸ ਪ੍ਰਕਾਰ ਉਹ 10 ਦਿਨ ਬਾਅਦ ਉਸ ਲਕੜੀ ਦੇ ਰੇਹੜੇ ਦੀ ਮਾਲਕ ਬਣ ਜਾਵੇਗੀ। ਪਰ ਉਹ ਔਰਤ ਡਾਕਖਾਨੇ ਵਿਚ ਆਪਣਾ ਹਿਸਾਬ ਖੋਲੇਗੀ ਤੇ 5 ਰੁਪਏ ਰੋਜ਼ ਉਸ ਵਿਚ ਜਮ੍ਹਾਂ ਕਰਵਾਉਂਦੀ ਰਹੇਗੀ। ਇਹ ਕਰਨਾ ਮੁਸ਼ਕਿਲ ਨਹੀਂ ਹੋਵੇਗਾ ਕਿਉਂਕਿ ਉਹ ਅਜਿਹਾ ਕਰਨ ਲਈ ਸਿੱਖਿਅਤ ਕੀਤੀ ਜਾ ਚੁੱਕੀ ਹੋਵੇਗੀ। ਇਸ ਪ੍ਰਕਾਰ ਕਰਨ ਨਾਲ ਉਨ੍ਹਾਂ ਇਸਤਰੀਆਂ ਦੀ ਕਾਇਆ ਹੀ ਬਦਲ ਗਈ। ਹੁਣ ਜੇ ਉਸ ਦਾ ਪਤੀ ਉਸ ਨਾਲ ਦੁਰਵਿਵਹਾਰ ਕਰਦਾ ਸੀ ਤਾਂ ਉਹ ਆਪਣਾ ਗੁਜ਼ਾਰਾ ਆਪ ਕਰ ਸਕਦੀ ਸੀ ਤੇ ਲੱਕੜੀ ਦਾ ਰੇਹੜਾ ਕਿਰਾਏ ਤੇ ਚੜ੍ਹਾ ਸਕਦੀ ਸੀ। ਜੇ ਹਾਲਾਤ ਠੀਕ ਵੀ ਰਹਿਣ ਤਾਂ ਉਹ ਫਿਰ ਵੀ ਆਪਣੇ ਪਤੀ ਪਾਸੋਂ ਲੱਕੜੀ ਦੇ ਰੇਹੜੇ ਦਾ ਕਿਰਾਇਆ ਲੈ ਕੇ ਡਾਕਖਾਨੇ ਵਿਚ ਜਮ੍ਹਾਂ ਕਰਵਾਉਂਦੀ ਰਹਿੰਦੀ ਸੀ। ਇਸ ਨਾਲ ਉਸ ਔਰਤ ਦਾ ਇੱਜ਼ਤ ਮਾਣ ਵੱਧ ਜਾਂਦਾ ਸੀ ਤੇ ਘਰ ਵਿੱਚ ਉਸ ਦਾ ਸਤਿਕਾਰ ਹੋਣ ਲੱਗ ਜਾਂਦਾ ਸੀ। ਇਸ ਤਜ਼ਰਬੇ ਦਾ ਨਾਮ ਨੂੰ ਆਪਣੇ ਰੋਜ਼ਗਾਰ ਵਿਚ ਲੱਗੀਆਂ ਇਸਤਰੀਆਂ ਦੇ ਸੰਗਠਨ (SEWA) ਕਿਹਾ ਜਾਂਦਾ ਸੀ।

ਹੁਣ ਤਾਂ ਹਾਲਤ ਹੀ ਬਦਲ ਗਈ ਹੈ ਤੇ ਸਰਕਾਰ ਹਰ ਇੱਕ ਨੂੰ 8 ਸਾਲਾਂ ਤੱਕ ਦੀ ਪੜ੍ਹਾਈ ਮੁਫ਼ਤ ਪ੍ਰਦਾਨ ਕਰ ਰਹੀ ਹੈ ਤੇ ਬੱਚਿਆਂ ਨੂੰ ਸਕੂਲ ਵਿੱਚ ਦੁਪਹਿਰ ਦਾ ਖਾਣਾ ਵੀ ਮੁਫ਼ਤ ਮਿਲਦਾ ਹੈ। ਇਸ ਤੋਂ ਇਲਾਵਾ ਕਾਨੂੰਨ ਦੇ ਅਨੁਸਾਰ ਲੜਕੀਆਂ ਨੂੰ ਹਰ ਪ੍ਰਕਾਰ ਦੀ ਸਿੱਖਿਆ ਪ੍ਰਦਾਨ ਕਰਨ ਦੀ ਖੁਲ੍ਹ ਦਿੰਦੀ ਹੈ। ਅੱਜ ਸਥਿਤੀ ਇਹ ਹੈ ਕਿ ਤੁਸੀ ਕਿਸੇ ਕਾਲਜ, ਯੂਨੀਵਰਸਿਟੀ, ਤਕਨੀਕੀ, ਕਿੱਤਾਕਾਰੀ ਤੇ ਮਕੈਨੀਕਲ ਸੰਸਥਾ ਵਿੱਚ ਜਾਉ ਤੁਹਾਨੂੰ ਲੜਕੀਆਂ ਉਥੇ ਪੜ੍ਹਾਈ ਕਰਦੀਆਂ ਮਿਲ ਜਾਣਗੀਆਂ। ਇੱਥੋਂ ਤੱਕ ਹਾਲਾਤ ਹੁਣ ਬਦਲ ਗਏ ਹਨ ਕਿ ਲੜਕੀਆਂ ਬਹੁਤ ਉੱਚੇ ਉੱਚੇ ਅੰਕ ਪ੍ਰਾਪਤ ਕਰਕੇ ਬਹੁਤ ਉੱਚੀਆਂ–ਉੱਚੀਆਂ ਪਦਵੀਆਂ ਤੇ ਪਹੁੰਚ ਗਈਆਂ ਹਨ। ਹੁਣ ਤਾਂ ਤਰਦਦ ਕੀਤੇ ਜਾ ਰਹੇ ਹਨ ਕਿ ਪੰਚਾਇਤਾਂ, ਮਿਉਂਸਪਲ ਸੰਸਥਾਵਾਂ, ਅਸੈਂਬਲੀਆਂ ਤੇ ਪਾਰਲੀਮੈਂਟਾਂ ਵਿੱਚ ਉਨ੍ਹਾਂ ਲਈ ਸਥਾਨ ਰਾਖਵੇਂ ਰੱਖੇ ਜਾਂਦੇ ਹਨ। ਸਿੱਖਿਆ ਦੇ ਕਾਰਨ ਹੁਣ ਸਾਡੇ ਦੇਸ਼ ਵਿਚ ਇਸਤਰੀਆਂ, ਪ੍ਰਧਾਨ ਮੰਤਰੀ, ਮੁੱਖ ਮੰਤਰੀ, ਮੰਤਰੀ, ਸਪੀਕਰ ਤੇ ਇੱਥੋਂ ਤੱਕ ਇਹ ਰੱਖਿਆ ਮੰਤਰੀ ਵੀ ਬਣ ਚੁੱਕੀਆਂ ਹਨ। ਇਸ ਤੋਂ ਇੱਕ ਗੱਲ ਨਿਖਰ ਕੇ ਸਾਹਮਣੇ ਆਉਂਦੀ ਹੈ ਕਿ ਜੇ ਔਰਤਾ ਦੇ ਰੁਤਬੇ ਨੂੰ ਉੱਪਰ ਚੁਕਣਾ ਹੈ ਤਾਂ ਉਨ੍ਹਾਂ ਦੀ ਸਿੱਖਿਆ ਤੇ ਰੋਜਗਾਰ ਦੇ ਸਾਧਨ ਵਧਾ ਦਿੱਤੇ ਜਾਣ।

ਇਸ ਤੋਂ ਇਲਾਵਾ, ਸਿੱਖਿਆ ਹਰ ਇੱਕ ਦਾ ਅਧਿਕਾਰ ਹੈ। ਕੋਈ ਵੀ ਔਰਤ ਚਾਹੇ ਉਹ ਗਰੀਬ ਹੀ ਕਿਉਂ ਨਾ ਹੋਵੇ, ਦੇਸ਼ ਦੇ ਹਰ ਤਰ੍ਹਾਂ ਦੇ ਹਲਾਤਾਂ ਦੇ ਬਾਵਜੂਦ ਸਕੂਰ ਤੋਂ ਹਟਾਈ ਨਹੀਂ ਜਾਣੀ ਚਾਹੀਦੀ। ਸਿੱਖਿਆ ਔਰਤਾਂ ਦੀਆਂ ਜ਼ਿੰਦਗੀਆਂ ਬਚਾ ਸਕਦੀ ਹੈ। ਇਸ ਨਾਲ ਔਰਤਾਂ ਨੂੰ ਬਰਾਬਰ ਵਿਕਾਸ, ਤਾਕਤਵਰ ਪਰਿਵਾਰ, ਵਧੀਆ ਸੇਵਾਵਾਂ ਅਤੇ ਵਧੀਆ ਬੱਚਿਆਂ ਦੀ ਸਿਹਤ ਰੱਖਣ ਵਿੱਚ ਮਦਦ ਮਿਲਦੀ ਹੈ। ਔਰਤਾਂ ਨੂੰ ਸਿੱਖਿਆ ਪ੍ਰਦਾਨ ਕਰਨ ਨਾਲ ਸਮਾਜ ਅਤੇ ਮਨੁੱਖੀ ਵਿਕਾਸ ਵਿੱਚ ਮਦਦਗਾਰ ਹੁੰਦੀ ਹੈ। ਇਸ ਦਾ ਲੰਬਾ ਸਮਾਂ ਦੇ ਫਾਇਦੇ ਇਸ ਤਰ੍ਹਾਂ ਹਨ :

**ਬੇਹਤਰ ਆਰਥਿਕ ਵਿਕਾਸ :–**

ਦਹਾਕਿਆਂ ਦੀ ਖੋਜ ਦੇ ਆਧਾਰ ਤੇ ਇਹ ਕਿਹਾ ਜਾਂਦਾ ਹੈ ਕਿ ਮੁੱਢਲੀ ਸਿੱਖਿਆ ਅਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਲਿੰਕ ਹੈ। ਇਸਤਰੀ ਸਿੱਖਿਆ ਦਾ ਦੇਸ਼ ਦੀ ਤਰੱਕੀ ਉੱਤੇ ਹੋਰ ਵੀ ਵਧੇਰੇ ਸਕਾਰਾਤਮਕ ਅਸਰ ਹੈ। ਔਰਤਾਂ ਦੇਸ਼ ਦੇ 50% ਆਰਥਿਕ ਮਾਮਲਿਆਂ ਵਿੱਚ ਸਿੱਧੀ ਅਤੇ ਅਸਿੱਧੀ ਭੂਮਿਕਾ ਨਿਭਾਉਂਦੀਆਂ ਹਨ।

**ਆਉਣ ਵਾਲੀ ਪੀੜ੍ਹੀ ਲਈ ਸਿੱਖਿਆ :**

ਜਿਹੜੀਆਂ ਔਰਤਾਂ ਜ਼ਿਆਦਾ ਪੜ੍ਹੀਆਂ ਲਿਖੀਆਂ ਹੁੰਦੀਆਂ ਹਨ ਉਹ ਆਪਣੇ ਬੱਚਿਆਂ ਦਾ ਸਕੂਲ ਜਾਣਾ ਯਕੀਨੀ ਬਣਾਉਂਦੀਆਂ ਹਨ। ਇਹ ਬਿਲਕੁਲ ਸਹੀ ਕਿਹਾ ਗਿਆ ਹੈ ਕਿ ਜੇਕਰ ਤੁਸੀਂ ਇੱਕ ਆਦਮੀ ਨੂੰ ਪੜਾਉਂਦੇ ਹੋ ਤਾਂ ਤੁਸੀਂ ਇਕ ਮਨੁੱਖ ਨੂੰ ਪੜ੍ਹਾਉਂਦੇ ਹੋ ਜੇਕਰ ਤੁਸੀਂ ਇੱਕ ਔਰਤ ਨੂੰ ਪੜ੍ਹਾਉਂਦੇ ਹੋ ਤਾਂ ਤੁਸੀਂ ਸਾਰੇ ਪਰਿਵਾਰ ਨੂੰ ਪੜ੍ਹਾਉਂਦੇ ਹੋ ਅਤੇ ਸਾਰੇ ਦੇਸ਼ ਨੂੰ ਪੜ੍ਹਾਉਂਦੇ ਹੋ। ਇਸ ਤਰ੍ਹਾਂ ਔਰਤਾਂ ਦੀ ਸਿੱਖਿਆ ਰਾਹੀਂ ਸਾਰਾ ਦੇਸ਼ ਤਰੱਕੀ ਦੇ ਰਾਹ ਤੇ ਤੁਰਦਾ ਹੈ।

**ਗੁਣਾਤਮਕ ਅਸਰ :**

ਸਿੱਖਿਆ ਦਾ ਅਸਰ ਔਰਤਾਂ ਦੇ ਜੀਵਨ ਵਿੱਚ ਗੁਣਾਤਮਕ ਹੁੰਦਾ ਹੈ। ਸਿੱਖਿਆ ਔਰਤਾਂ ਨੂੰ ਏਡਜ਼ ਵਰਗੀਆਂ ਬਿਮਾਰੀਆਂ ਤੋਂ ਲੈ ਕੇ ਸੋਸ਼ਣਕਾਰੀ ਮਜ਼ਦੂਰੀ ਅਤੇ ਟਰੈਫਿਕਿੰਗ ਤੋਂ ਬਚਾਉਂਦੀ ਹੈ। ਪੜ੍ਹੀਆਂ ਲਿਖੀਆਂ ਔਰਤਾਂ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੁੰਦੀਆਂ ਹਨ ਅਤੇ ਆਪਣੇ ਬੱਚਿਆਂ ਦੀ ਪੂਰੀ ਤਰ੍ਹਾਂ ਨਾਲ ਰੱਖਿਆ ਕਰ ਸਕਦੀਆਂ ਹਨ।

**ਸਿਹਤਮੰਦ ਪਰਿਵਾਰ :**

ਜਦੋਂ ਮਾਤਾਵਾਂ ਸਿੱਖਿਅਤ ਹੁੰਦੀਆਂ ਹਨ ਉਹ ਆਪਣੇ ਬਿਮਾਰ ਬੱਚਿਆਂ ਦੀ ਚੰਗੀ ਤਰ੍ਹਾਂ ਦੇਖਭਾਲ ਕਰ ਸਕਦੀਆਂ ਹਨ। ਇਸ ਤੋਂ ਇਲਾਵਾ ਔਰਤਾਂ ਆਪਣੇ ਬੱਚਿਆਂ ਦੀ ਸਿਹਤ, ਸਿੱਖਿਆ, ਭੋਜਨ ਅਤੇ ਭਵਿੱਖ ਵਰਗੀਆਂ ਗਤੀਵਿਧੀਆਂ ਨੂੰ ਉਦੋਂ ਹੀ ਚੰਗੀ ਤਰ੍ਹਾਂ ਨਿਭਾ ਸਕਦੀਆਂ ਹਨ ਜਦੋਂ ਉਹ ਸਿੱਖਿਅਤ ਹੋਣਗੀਆਂ।

**ਘੱਟ ਜੱਚਾ ਮੌਤ ਦਰ :**

ਪੜ੍ਹੀਆਂ ਲਿਖੀਆਂ ਔਰਤਾਂ ਵਿੱਚ ਮੌਤ ਦਰ ਘੱਟ ਹੁੰਦੀ ਹੈ ਕਿਉਂਕਿ ਉਹ ਘੱਟ ਬੱਚੇ ਪੈਦਾ ਕਰਨ ਪ੍ਰਤੀ ਜਾਗਰੂਕ ਹੁੰਦੀਆਂ ਹਨ ਅਤੇ ਗਰਭ ਅਵਸਥਾ ਅਤੇ ਬਾਲ ਜਨਮ ਬਾਰੇ ਬੇਹਤਰ ਜਾਣਦੀਆਂ ਹਨ। ਸਿੱਖਿਅਤ ਔਰਤਾਂ ਵਧੀਆ ਖੁਰਾਕ ਅਤੇ ਮੈਡੀਕਲ ਸਹਾਇਤਾ ਲੈ ਕੇ ਘੱਟ ਜੱਚਾ ਮੌਤ ਲਈ ਜ਼ਿੰਮੇਵਾਰ ਬਣਦੀਆਂ ਹਨ।

### 1.1.5 ਸਵੈ–ਮੁਲਾਂਕਣ ਲਈ ਪ੍ਰਸ਼ਨ

(1) ਇਸਤਰੀ ਸਿੱਖਿਆ ਦੇ ਅਰਥ ਨੂੰ ਦਰਸਾਉ।

(2) ਇਸਤਰੀ ਸਿੱਖਿਆ ਦੀ ਲੋੜ ਬਾਰੇ ਸੰਖੇਪ ਵਿੱਚ ਦੱਸੋ।

**1.1.6 ਇਸਤਰੀ ਸਿੱਖਿਆ ਦਾ ਕਾਰਜ ਖੇਤਰ :** ਭਾਰਤ ਵਿੱਚ ਪਹਿਲਾਂ ਸਥਿਤੀ ਇਸ ਪ੍ਰਕਾਰ ਦੀ ਸੀ ਕਿ ਖਾਸ ਕਰ ਕੇ ਪੇਂਡੂ ਇਲਾਕਿਆਂ ਵਿੱਚ ਲੜਕੀਆਂ ਦੀ ਹਾਲਤ ਬਹੁਤ ਵਿਤਕਰੇ ਵਾਲੀ ਸੀ, ਪਰ ਸਿੱਖਿਆ ਦੇ ਪ੍ਰਸਾਰ ਦੇ ਕਾਰਨ ਹੁਣ ਵਿਤਕਰੇ ਦੀ ਕੰਧ ਦੇ ਵਿਚ ਖੱਪੇ ਪੈਣ ਲੱਗ ਗਏ ਹਨ। ਕੁਝ ਸਾਲ ਪਹਿਲਾਂ ਉਹ ਕਿੱਤੇ ਜਿਨ੍ਹਾਂ ਵਿੱਚ ਕੇਵਲ ਮਰਦ ਹੀ ਕੰਮ ਕਰਦੇ ਸੀ ਹੁਣ ਔਰਤਾਂ ਲਈ ਵੀ ਖੁੱਲ੍ਹ ਗਏ ਹਨ।

ਫੌਜ ਵਿੱਚ ਜਿੱਥੇ ਕਿ ਪਹਿਲਾਂ ਆਮ ਕਰਕੇ ਮਰਦ ਹੀ ਭਰਤੀ ਹੁੰਦੇ ਸੀ ਬਾਬਤ ਪ੍ਰੇਮ ਚੌਧਰੀ ਨੇ 17 ਜੂਨ, 2015 ਦੇ ਟ੍ਰਿਬਿਊਨ ਅਖ਼ਬਾਰ ਵਿੱਚ ਲਿਖਿਆ ਹੈ 1990 ਤੋਂ ਲੈ ਕੇ ਇਸਤਰੀਆਂ ਫੌਜ ਵਿੱਚ ਨਾ ਲੜਨ ਵਾਲੇ ਕਿੱਤਿਆਂ ਵਿੱਚ ਜਿਵੇਂ ਕਿ ਡਾਕਟਰੀ, ਇੰਜੀਨੀਅਰਿੰਗ, ਆਦੇਸ਼ ਦੇਣ, ਸਿਗਨਲ ਤੇ ਕੰਟਰੋਲ ਤੇ ਹੋਰ ਅਜਿਹੀਆਂ ਪਦਵੀਆਂ ਤੇ ਤਾਂ ਕੰਮ ਕਰਦੀਆਂ ਸੀ ਪਰ ਇਨਫੈਂਟਰੀ, ਹਥਿਆਰਬੱਧ ਫੌਜ, ਮਕੈਨਾਈਜੀਡ ਇਨਫੈਂਟਰੀ ਵਿੱਚ ਕੰਮ ਨਹੀਂ ਕਰਦੀਆਂ ਸੀ। ਉਹ ਜੰਗੀ ਜਹਾਜ਼ ਨਹੀਂ ਸੀ ਚਲਾਉਂਦੀਆਂ ਤੇ ਸਮੁੰਦਰੀ ਲੜਾਕੂ ਜਹਾਜ਼ ਵਿੱਚ ਨਿਯੁਕਤ ਨਹੀਂ ਸੀ ਹੁੰਦੀਆਂ। ਉਨ੍ਹਾਂ ਪਾਸ ਸਾਡੇ ਕਾਨੂੰਨਾਂ ਨੂੰ ਚੁਣਨ ਦੇ ਅਧਿਕਾਰ ਨਹੀਂ ਸੀ ਹੁੰਦੇ। ਅੱਜ ਦੇ ਚੋਣ ਸਰਵਿਸ ਕਮਿਸ਼ਨ ਅਨੁਸਾਰ ਉਨ੍ਹਾਂ ਨੂੰ ਪੰਜ ਤੋਂ ਚੌਦਾਂ ਸਾਲਾਂ ਤੱਕ ਫੌਜੀ ਅਫਸਰ ਬਣਾਇਆ ਜਾ ਸਕਦਾ ਹੈ ਤੇ ਉਨ੍ਹਾਂ ਦੀ ਤਰੱਕੀ ਲੈਫਟੀਨੇਂਟ ਕਰਨਲ ਤੱਕ ਹੋ ਸਕਦੀ ਹੈ। ਇਸਤਰੀ ਅਫਸਰਾਂ ਦੀ ਪੁਰਜ਼ੋਰ ਮੰਗ ਦੇ ਅਧੀਨ, ਸਤੰਬਰ 2008 ਵਿੱਚ ਸਰਕਾਰ ਨੇ ਇਹ ਫੈਸਲਾ ਕੀਤਾ ਸੀ ਕਿ ਇਸਤਰੀਆਂ ਨੂੰ ਪੱਕੇ ਕਮਿਸ਼ਨ ਅਫਸਰ ਬਣਾਇਆ ਜਾਵੇ। ਹੁਣ ਉਹ ਲੈਫਟੀਨੈਂਟ ਜਨਰਲ ਦੇ ਅਹੁਦੇ ਤੱਕ ਤਰੱਕੀ ਕਰ ਸਕਦੀਆਂ ਹਨ। ਆਸ ਇਹ ਕੀਤੀ ਜਾਂਦੀ ਹੈ ਕਿ ਜਿਸ ਤਰ੍ਹਾਂ ਕਿ ਇਸਤਰੀਆਂ ਸਿੱਖਿਆ ਦੇ ਖੇਤਰ ਵਿੱਚ ਮੈਦਾਨ ਮਾਰ ਰਹੀਆਂ ਹਨ, ਉਨ੍ਹਾਂ ਲਈ ਉੱਚ ਪੱਧਰੇ ਰਾਹ ਵੀ ਖੁੱਲ੍ਹ ਜਾਣਗੇ। ਇਹ ਵੀ ਆਸ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੀ ਗਿਣਤੀ ਫੌਜ ਵਿੱਚ ਹੋਰ ਵੀ ਵੱਧ ਜਾਵੇਗੀ ਤੇ ਉਨ੍ਹਾਂ ਦੀ ਤਰੱਕੀ ਦੇ ਰਾਹ ਵੀ ਹੋਰ ਵੱਧ ਹੋ ਜਾਣਗੇ।

ਪੁਲਿਸ ਦੇ ਵਿਭਾਗ ਵਿਚ ਵੀ ਹੁਣ ਹਾਲਾਤ ਫੌਜ ਵਰਗੀ ਹੀ ਹੈ। ਹੁਣ ਤੁਹਾਨੂੰ ਇਸਤਰੀ ਪੁਲਿਸ ਦੇਸ਼ ਦੇ ਹਰ ਕੋਨੇ ਵਿਚ ਮਿਲ ਜਾਵੇਗੀ। ਹੁਣ ਤਾਂ ਅਜਿਹੇ ਪੁਲਿਸ ਦੇ ਥਾਣੇ ਵੀ ਬਣਾ ਦਿੱਤੇ ਗਏ ਹਨ ਕਿ ਉਥੇ ਸਾਰੀਆਂ ਇਸਤਰੀਆਂ ਨਿਯੁਕਤ ਕੀਤੀਆਂ ਜਾਂਦੀਆਂ ਹਨ।

ਇਨ੍ਹਾਂ ਤਬਦੀਲੀਆਂ ਦਾ ਆਧਾਰ ਦੇਸ਼ ਵਿੱਚ ਸਿੱਖਿਆ ਦੇ ਪ੍ਰਸਾਰ ਤੇ ਵਿਸ਼ੇਸ਼ ਕਰਕੇ ਇਸਤਰੀ ਸਿੱਖਿਆ ਦੇ ਪ੍ਰਸਾਰ ਦੇ ਕਾਰਨ ਵੀ ਹੋ ਰਿਹਾ ਕਿਹਾ ਜਾ ਸਕਦਾ ਹੈ।

ਇਸ ਗੱਲ ਦੀ ਵੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਕਿ ਹਰਿਆਣਾ ਜਿੱਥੇ ਆਮ ਕਰਕੇ ਇਸਤਰੀਆਂ ਨਾਲ ਬੜਾ ਵਿਤਕਰਾ ਕੀਤਾ ਜਾ ਰਿਹਾ ਹੈ ਬਾਬਤ ਟ੍ਰਿਬਿਊਨ 15 ਜੂਨ ਵਿਚ ਖਬਰ ਛਾਪੀ ਗਈ ਹੈ ਇਕ ਲੜਕੀ ਜਿਸ ਦਾ ਨਾਮ ਸੁਮਨ ਰਾਣੀ ਹੈ ਤੇ ਜੋ ਹਿਸਾਰ ਜ਼ਿਲ੍ਹੇ ਦੀ ਰਹਿਣ ਵਾਲੀ ਹੈ। ਆਪਣੀ ਖੇਤੀ ਦੇ ਸਾਰੇ ਕੰਮ ਸਿਰਫ਼ ਖੇਤ ਵਿਚ ਹੀ ਨਹੀਂ ਸਗੋਂ ਆਪਣਾ ਟ੍ਰੈਕਟਰ ਆਪ ਚਲਾ ਕੇ ਆਪਣੇ ਸ਼ਹਿਰ ਤੇ ਮੰਡੀ ਆਦਿ ਦੇ ਕੰਮ ਵੀ ਆਪ ਹੀ ਕਰਦੀ ਹੈ। ਇਸੇ ਹੀ ਪੱਤਰ ਵਿੱਚ ਇਹ ਵੀ ਛਾਪਿਆ ਗਿਆ ਹੈ ਕਿ ਜਿਸ ਪ੍ਰਕਾਰ ਕਰਨਾਲ ਵਿਚ ਇਸਤਰੀਆਂ ਨੇ ਇਕ ਇਸਤਰੀਆਂ ਦਾ ਸੰਗਠਨ ਬਣਾਇਆ ਹੈ ਜੋ ਕਿ ਡੈਅਰੀ ਫਾਰਮ ਦਾ ਸਾਰਾ ਕੰਮ ਆਪ ਹੀ ਕਰਦੀਆਂ ਹਨ ਤੇ ਉਸ ਦੇ ਦੁੱਧ ਤੋਂ ਭਾਂਤ-ਭਾਂਤ ਦੀਆਂ ਚੀਜ਼ਾਂ ਬਣਾ ਕੇ ਘਰ-ਘਰ ਜਾ ਕੇ ਆਪ ਹੀ ਵੇਚਦੀਆਂ ਹਨ। ਹੁਣ ਅਜਿਹੀਆਂ ਇਸਤਰੀਆਂ ਦੀ ਕੋਈ ਵੀ ਘਾਟ ਨਹੀਂ ਹੈ ਜੋ ਕਿ ਬਹੁਤੇ ਖੇਤਰਾਂ ਵਿਚ ਮਰਦਾਂ ਦੇ ਬਰਾਬਰ ਕੰਮ ਕਰ ਰਹੀਆਂ ਹਨ।

### 1.1.7 ਸਾਰ :

ਬੱਚੀਆਂ ਅਤੇ ਔਰਤਾਂ ਦੀ ਸਿੱਖਿਆ ਲਿੰਗ ਪੱਖਪਾਤ ਲਈ ਅੰਤ ਹੈ ਅਤੇ ਇਹ ਵਿਅਕਤੀਗਤ ਅਤੇ ਪਰਿਵਾਰਕ ਜੀਵਨ ਦਾ ਪੱਧਰ ਉੱਚਾ ਚੁੱਕਣ ਦੇ ਨਾਲ ਨਾਲ ਗਰੀਬ ਸਮੁਦਾਇ ਦਾ ਆਰਥਿਕ ਵਿਕਾਸ ਵੀ ਕਰੇਗਾ। ਵਧੇਰੇ ਵਿਕਾਸਸ਼ੀਲ ਦੇਸ਼ਾਂ ਵਿੱਚ ਔਰਤ ਸਿੱਖਿਆ ਦੀ ਦਰ ਕਾਫੀ ਘੱਟ ਹੈ ਜਿਸਦਾ ਮੁੱਖ ਕਾਰਨ

ਬੱਚੀਆਂ ਪ੍ਰਤੀ ਵਿਤਕਰੇ ਦਾ ਰਵੱਈਆ ਹੈ। ਬਹੁਤੇ ਪੇਂਡੂ ਅਤੇ ਸ਼ਹਿਰੀ ਪਰਿਵਾਰਾਂ ਵਿੱਚ ਘਰੇਲੂ ਕੰਮ ਨੂੰ ਹੀ ਔਰਤ ਦੀ ਜ਼ਿੰਮੇਵਾਰੀ ਮੰਨਿਆ ਗਿਆ ਹੈ। ਇਸ ਦੇ ਨਤੀਜੇ ਵਜੋਂ ਉਸ ਪਰਿਵਾਰ ਦੇ ਮੁੰਡਿਆਂ ਨੂੰ ਰਸਮੀ ਸਿੱਖਿਆ ਦੇ ਮੌਕੇ ਵਧੇਰੇ ਮਿਲਦੇ ਹਨ। ਇਸ ਤੋਂ ਇਲਾਵਾ ਗਰੀਬੀ ਵੀ ਔਰਤਾਂ ਦੇ ਸਿੱਖਿਆ ਖੇਤਰ ਵਿੱਚ ਪੱਛੜੇ ਹੋਣ ਦਾ ਮੁੱਖ ਕਾਰਨ ਹੈ। ਇਸ ਤੋਂ ਇਲਾਵਾ ਜਲਦ ਵਿਆਹ ਅਤੇ ਬੱਚਾ ਵੀ ਸਿੱਖਿਆ ਛੱਡਣ ਦਾ ਕਥਨ ਬਣ ਸਕਦੇ ਹਨ।

ਔਰਤਾਂ ਦੀ ਸਿੱਖਿਆ ਨੂੰ ਬੇਹਤਰ ਕਰਨ ਨਾਲ ਇਸ ਦਾ ਸਿੱਧਾ ਪ੍ਰਭਾਵ ਉਹਨਾਂ ਦੀ ਸਿਹਤ ਅਤੇ ਆਰਥਿਕ ਭਵਿੱਖ ਉੱਤੇ ਪੈਂਦਾ ਹੈ। ਇਸ ਦੇ ਨਾਲ ਹੀ ਇਹ ਸਮੁਦਾਇ ਦੀ ਸਿਹਤ ਅਤੇ ਆਰਥਿਕਤਾ ਨੂੰ ਪ੍ਰਭਾਵਿਤ ਕਰਦਾ ਹੈ। ਖੋਜ ਅਨੁਸਾਰ ਔਰਤ ਨੂੰ ਦਿੱਤੀ ਗਈ ਇੱਕ ਸਾਲ ਦੀ ਸਿੱਖਿਆ ਉਸਦੇ ਜ਼ਿੰਦਗੀ ਵਿੱਚ ਆਮਦਨ ਦੇ 15% ਮੌਕੇ ਵਧਾ ਦਿੰਦਾ ਹੈ। ਔਰਤਾਂ ਦੀ ਸਿੱਖਿਆ ਨੂੰ ਵਧੀਆ ਬਣਾਉਣ ਦਾ ਇੱਕ ਮੰਤਵ ਇਹ ਵੀ ਹੈ ਕਿ ਨੌਕਰੀਪੇਸ਼ਾ ਔਰਤ ਆਪਣੀ ਆਮਦਨ ਦਾ ਇੱਕ ਵੱਡਾ ਹਿੱਸਾ ਆਪਣੇ ਪਰਿਵਾਰ ਅਤੇ ਬੱਚਿਆਂ ਲਈ ਖਰਚ ਕਰੇਗੀ।

ਅਜੋਕੇ ਸਮੇਂ ਵਿੱਚ ਨਾਰੀਵਾਦੀ ਅੰਦੋਲਨ ਅਤੇ ਸੰਸਥਾਵਾਂ ਗਲੋਬਲ ਪੱਧਰ ਤੇ ਲਿੰਗ ਵਿਤਕਰੇ ਨੂੰ ਘੱਟ ਕਰਨ ਲਈ ਚੇਤਨਾ ਲਿਆਉਣ ਅਤੇ ਸਰਕਾਰੀ ਪ੍ਰੋਗਰਾਮ ਲਾਗੂ ਕਰਵਾਉਣ ਵਿੱਚ ਲੱਗੀਆਂ ਹਨ ਜਿਸ ਨਾਲ ਬੱਚੀਆਂ ਅਤੇ ਔਰਤਾਂ ਦੀ ਸਿੱਖਿਆ ਦਾ ਪਸਾਰ ਤੇਜ਼ੀ ਨਾਲ ਹੋ ਰਿਹਾ ਹੈ। ਔਰਤਾਂ ਦੀ ਪਸਰ ਰਹੀ ਉੱਚ ਸਿੱਖਿਆ ਕਾਰਨ ਹੀ ਔਰਤਾਂ ਨੂੰ ਕਿੱਤਿਆਂ ਵਿੱਚ ਵਧੀਆ ਤਨਖਾਹਾਂ ਅਤੇ ਭੱਤੇ ਮਿਲਣ ਲੱਗੇ ਹਨ।

ਔਰਤ ਇੱਕ ਦੇਸ਼ ਨੂੰ ਵਿਕਸਿਤ ਕਰਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੀ ਹੈ। ਜੇਕਰ ਅਸੀਂ ਭਵਿੱਖ ਵਿੱਚ ਔਰਤਾਂ ਦਾ ਦੇਸ਼ ਵਿੱਚ ਵਧੀਆ ਪੱਧਰ ਦੇਖਣਾ ਚਾਹੁੰਦੇ ਹਾਂ ਤਾਂ ਸਾਰੀਆਂ ਔਰਤਾਂ ਨੂੰ ਸਿੱਖਿਅਤ ਅਤੇ ਸ਼ਸਕਤੀਕਰਨ ਕਰਨਾ ਜ਼ਰੂਰੀ ਹੋਵੇਗਾ। ਸਿੱਖਿਆ ਔਰਤਾਂ ਦੀ ਸਮਾਜ ਵਿੱਚ ਸਹੀ ਜਗ੍ਹਾ ਬਣਾਉਣ ਲਈ ਸ਼ਕਤੀਸ਼ਾਲੀ ਔਜਾਰ ਹੈ। ਸਿੱਖਿਆ ਬੇਹਤਰ ਸਥਾਨ ਦੇ ਨਾਲ–ਨਾਲ ਵਿਤਕਰੇ ਘੱਟ ਕਰਨ ਵਿੱਚ ਮਦਦਗਾਰ ਸਿੱਧ ਹੁੰਦੀ ਹੈ। ਸਾਨੂੰ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਔਰਤਾਂ ਅਤੇ ਮਰਦਾਂ ਵਿਚਕਾਰ ਵਿਤਕਰੇ ਨੂੰ ਘੱਟ ਕਰਨ ਦੀ ਜ਼ਰੂਰਤ ਹੈ। ਸਿੱਖਿਆ ਸਰਕਾਰੀ ਕਾਰਜਾਂ, ਪੰਚਾਇਤਾਂ ਅਤੇ ਪਬਲਿਕ ਮਸਲਿਆਂ ਵਿਚੋਂ ਲਿੰਗ ਵਿਤਕਰਾ ਖਤਮ ਕਰਨ ਦਾ ਵਿਚਾਰ ਪ੍ਰਫੁਲਿੱਤ ਕਰਦੀ ਹੈ।

### 1.1.8 ਸੁਝਾਏ ਪ੍ਰਸ਼ਨ :

1. ਇਸਤਰੀ ਸਿੱਖਿਆ ਦਾ ਅਰਥ ਦਰਸਾਉਂਦੇ ਹੋਏ ਉਸ ਦੀ ਲੋੜ ਬਾਰੇ ਵਿਸਥਾਰ ਵਿੱਚ ਲਿਖੋ।
2. ਇਸਤਰੀ ਸਿੱਖਿਆ ਦੇ ਕਾਰਜ ਖੇਤਰ ਦੀ ਚਰਚਾ ਕਰੋ।

### 1.1.9 ਸੁਝਾਈਆਂ ਪੁਸਤਕਾਂ :

1. ਟੀ. ਐਸ. ਸੋਢੀ, ਭਾਰਤ ਵਿੱਚ ਉਭਰਦੀ ਸਿੱਖਿਆ ਤੇ ਉਸ ਦੀਆਂ ਸਮੱਸਿਆਵਾਂ

**ਪਾਠ ਨੰ: 1.2**

## ਲੜਕੀਆਂ ਦੀ ਸਿੱਖਿਆ- ਲੋੜ, ਸਹੂਲਤਾਂ, ਵਰਤਮਾਨ ਅਤੇ ਭਵਿੱਖ ਦੀਆਂ ਸਕੀਮਾਂ

### ਪਾਠ ਦੀ ਬਣਤਰ

1.2.1 ਪਾਠ ਦੇ ਉਦੇਸ਼
1.2.2 ਪਾਠ ਦੀ ਜਾਣ-ਪਛਾਣ
1.2.3 ਲੜਕੀ ਨੂੰ ਸਿੱਖਿਆ ਦੀ ਲੋੜ
1.2.4 ਲੜਕੀ ਦੀ ਸਿੱਖਿਆ ਲਈ ਸਹੂਲਤਾਂ
 1.2.4.1 ਲੜਕੀਆਂ ਲਈ ਲੋੜੀਂਦੀਆਂ ਸਹੂਲਤਾਂ
 1.2.4.2 ਲੜਕੀ ਦਾ ਦੋਸਤਾਨਾ ਪਿੰਡ
1.2.5 ਲੜਕੀ ਦੀ ਸਿੱਖਿਆ ਵਾਸਤੇ ਵਰਤਮਾਨ ਸਕੀਮਾਂ
 1.2.5.1 ਅੰਤਰ-ਰਾਸ਼ਟਰੀ ਪੱਧਰ
 1.2.5.2 ਰਾਸ਼ਟਰੀ ਪੱਧਰ
1.2.6 ਲੜਕੀ ਦੀ ਸਿੱਖਿਆ ਲਈ ਭਵਿੱਖ ਦੀਆਂ ਸਕੀਮਾਂ
 1.2.6.1 ਲੜਕੀਆਂ ਲਈ ਚੰਗੀ ਸਿੱਖਿਆ ਲੈਣ ਦੇ ਰਸਤੇ
  1.2.6.1.1 ਲੜਕੀਆਂ ਨੂੰ ਪੜ੍ਹਾਉਣਾ, ਮਾਪਿਆ ਵਾਸਤੇ ਮਹਿੰਗਾ
  1.2.6.1.2 ਦੋਹਰਾ ਭਾਰ
 1.2.6.2 ਲੜਕੀ ਦੀ ਸਿੱਖਿਆ ਪ੍ਰਾਪਤੀ ਦੇ ਨਿਸ਼ਾਨੇ ਲਈ ਉਪਰਾਲੇ
 1.2.6.3 ਰਾਸ਼ਟਰੀ ਯੋਜਨਾਵਾਂ ਅਤੇ ਪਾਲਿਸੀਆਂ
1.2.7 ਸੰਖੇਪ
1.2.8 ਸੁਝਾਏ ਪ੍ਰਸ਼ਨ
1.2.9 ਸੁਝਾਈਆਂ ਪੁਸਤਕਾਂ

### 1.2.1 ਪਾਠ ਦੇ ਉਦੇਸ਼

1 ਲੜਕੀਆਂ ਦੀ ਸਿੱਖਿਆ ਨੂੰ ਜਾਨਣ ਦੀ ਲੋੜ।
2. ਲੜਕੀਆਂ ਦੀ ਸਿੱਖਿਆ ਨੂੰ ਜਾਨਣ ਦੀ ਮਹੱਤਤਾ।
3. ਲੜਕੀਆਂ ਦੇ ਵਰਤਮਾਨ ਰੁਤਬੇ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਉਣਾ
4. ਲੜਕੀਆਂ ਦੀ ਸਿੱਖਿਆ ਲਈ ਬਣੀਆਂ ਨੀਤੀਆਂ ਤੇ ਯੋਜਨਾਵਾਂ ਪ੍ਰਤੀ ਵਿਦਿਆਰਥੀਆਂ ਨੂੰ ਜਾਗਰੂਕ ਕਰਨਾ।

### 1.2.2 ਪਾਠ ਦੀ ਜਾਣ–ਪਛਾਣ

ਇੱਕ ਬੱਚੇ ਦੇ ਪੂਰੇ ਵਿਕਾਸ ਲਈ ਸਿੱਖਿਆ ਸਾਰੇ ਵਿਸ਼ਵ ਭਰ ਵਿੱਚ ਇੱਕ ਜ਼ਰੂਰੀ ਕਦਮ ਹੈ। ਸਿੱਖਿਆ ਇੱਕ ਸੁਨਹਿਰੀ ਭਵਿੱਖ ਦੀ ਨੀਂਹ ਹੈ। ਫਿਰ ਵੀ ਵਿਸ਼ਵ ਦੇ ਬਹੁਤ ਸਾਰੇ ਲੜਕੇ ਅਤੇ ਲੜਕੀਆਂ ਨਾਲ ਵਿੱਦਿਆ ਪ੍ਰਾਪਤੀ ਲਈ ਅਲੱਗ ਕਿਸਮ ਦਾ ਵਿਵਹਾਰ ਕੀਤਾ ਜਾਂਦਾ ਹੈ। ਮਾਪੇ ਅਕਸਰ ਲੜਕਿਆਂ ਦੀ ਸਿੱਖਿਆ ਲੜਕੀਆਂ ਨਾਲੋਂ ਜ਼ਿਆਦਾ ਜ਼ਰੂਰੀ ਸਮਝਦੇ ਹਨ। ਲੜਕਿਆਂ ਨਾਲੋਂ ਲੜਕੀਆਂ ਨੂੰ ਸਕੂਲ ਵਿੱਚੋਂ ਪਹਿਲਾਂ ਹੀ ਹਟਾ ਲਿਆ ਜਾਂਦਾ ਹੈ। ਸਿੱਖਿਆ ਵਿੱਚ ਇਸ ਭੇਦ ਭਾਵ ਨੂੰ ਵਿਸ਼ਵ ਵਿਆਪੀ ਅੰਕੜਿਆਂ ਤੋਂ ਦੇਖਿਆ ਜਾ ਸਕਦਾ ਹੈ। ਵਿਸ਼ਵ ਭਰ ਦੀ ਜੋ 16 ਪ੍ਰਤੀਸ਼ਤ ਅਨਪੜ੍ਹ ਆਬਾਦੀ ਹੈ, ਜੋ ਮਾਮੂਲੀ ਲਿਖਣਾ–ਪੜ੍ਹਨਾ ਵੀ ਨਹੀਂ ਜਾਣਦੀ ਉਨ੍ਹਾਂ ਵਿੱਚ ਔਰਤਾਂ ਦੀ ਗਿਣਤੀ ਤਿੰਨਾ ਵਿੱਚੋਂ ਦੋ ਹੈ। ਕਈ ਮੁਲਕਾਂ ਤੇ ਸੱਭਿਆਚਾਰਾਂ ਵਿੱਚ ਜੋ ਲੜਕਿਆਂ ਨੂੰ ਸੁਵਿਧਾਵਾਂ ਦਿੱਤੀਆਂ ਜਾਂਦੀਆਂ ਹਨ, ਉਹ ਲੜਕੀਆਂ ਨੂੰ ਨਹੀਂ ਦਿੱਤੀਆਂ ਜਾਂਦੀਆਂ। ਅਸਲੀਅਤ ਵਿੱਚ ਬਹੁਤ ਥੋੜ੍ਹੇ ਹੀ ਮੁਲਕ, ਸਮਾਜ ਜਾਂ ਜਾਤੀਆਂ ਹਨ ਜਿੱਥੇ ਲੜਕੀਆਂ ਨੂੰ ਲੜਕਿਆਂ ਦੇ ਬਿਲਕੁਲ ਬਰਾਬਰ ਦੇ ਮੌਕੇ ਦਿੱਤੇ ਜਾਂਦੇ ਹਨ।

ਇਸ ਤੋਂ ਇਲਾਵਾ ਸਿੱਖਿਆ, ਖਾਸ ਕਰਕੇ ਪ੍ਰਾਇਮਰੀ ਸਕੂਲ ਤੱਕ ਸਭ ਬੱਚਿਆਂ ਦਾ ਜਨਮ ਸਿੱਧ ਅਧਿਕਾਰ ਹੈ, ਜੋ ਕਿ ਸਰਕਾਰਾਂ ਨੇ 1989 ਤੋਂ ਕੋਨਵੇਸ਼ਨ ਆਫ ਦਾ ਰਾਈਟਸ ਆਫ ਦਾ ਚਾਇਲਡ (Convention of the Rights of the Child) ਵਿੱਚ ਸਵੀਕਾਰ ਕੀਤਾ ਹੈ। ਯੂਨੀਸੈਫ (UNICEF) ਵਧੀਆ ਕਿਸਮ ਦੀ ਮੁੱਢਲੀ ਸਿੱਖਿਆ ਦੀ ਵਕਾਲਤ ਕਰਦੀ ਹੈ ਅਤੇ ਜ਼ੋਰ ਦਿੰਦੀ ਹੈ ਕਿ ਲੜਕੇ ਅਤੇ ਲੜਕੀਆਂ ਦੀ ਸਿੱਖਿਆ ਵਿੱਚ ਕਿਸੇ ਕਿਸਮ ਦਾ ਭੇਦ–ਭਾਵ ਨਹੀਂ ਹੋਣਾ ਚਾਹੀਦਾ ਹੈ। ਖਾਸ ਕਰਕੇ ਲੜਕੀਆਂ ਨੂੰ ਸਕੂਲ ਭੇਜਣਾ ਤੇ ਉਨ੍ਹਾਂ ਦਾ ਸਕੂਲ ਵਿੱਚ ਰਹਿ ਕੇ ਪੜ੍ਹਨਾ ਯਕੀਨੀ ਬਣਾਉਣਾ ਹੈ, ਜਿਸਨੂੰ ਯੂਨੀਸੈਫ (UNICEF) ਨੇ ਬਹੁਪੱਖੀ ਪ੍ਰਭਾਵ ਕਿਹਾ ਹੈ। ਪੜ੍ਹੀਆਂ ਲਿਖੀਆਂ ਲੜਕੀਆਂ ਆਪਣੀ ਪੜ੍ਹਾਈ ਸਮਾਪਤ ਕਰਕੇ ਆਪਣੀ ਸ਼ਾਦੀ ਲੇਟ ਕਰਵਾਉਣਗੀਆਂ, ਜਿਸ ਨਾਲ ਕਿ ਘੱਟ ਸੰਤਾਨ ਪੈਦਾ ਹੋਵੇਗੀ, ਜਿਸਦਾ ਪਾਲਣ–ਪੋਸ਼ਣ ਤੇ ਪੜ੍ਹਾਈ ਲਿਖਾਈ ਚੰਗੇ ਢੰਗ ਨਾਲ ਹੋਵੇਗੀ। ਪੜ੍ਹੀਆਂ–ਲਿਖੀਆਂ ਲੜਕੀਆਂ ਘਰ ਵਾਸਤੇ ਜ਼ਿਆਦਾ ਲਾਹੇਵੰਦ ਸਾਬਤ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਨੂੰ ਚੰਗਾ ਵੇਤਨ ਮਿਲਦਾ ਹੈ, ਉਹ ਸਮਾਜਿਕ, ਸਿਆਸਤ ਅਤੇ ਵਿੱਤੀ ਮਸਲਿਆਂ ਦੇ ਉਸਾਰੂ ਫੈਸਲੇ ਲੈਣ ਦੇ ਯੋਗਦਾਨ ਵਿੱਚ ਵੀ ਜ਼ਿਆਦਾ ਕਾਬਲੀਅਤ ਰੱਖਦੀਆਂ ਹਨ, ਉਨ੍ਹਾਂ ਨੇ ਸਮਾਜ ਵਿੱਚ ਆਪਣਾ ਸਨਮਾਨ ਹਾਸਲ ਕਰ ਲਿਆ ਹੈ। ਉਨ੍ਹਾਂ ਨੇ ਪੁਰਖ ਪ੍ਰਧਾਨ ਸਮਾਜ ਕੋਲੋਂ ਆਪਣੇ ਅਧਿਕਾਰ ਪ੍ਰਾਪਤ ਕਰ ਲਏ ਹਨ, ਪਰ ਅਜੇ ਤੱਕ ਇਹ ਸ਼ਹਿਰਾਂ ਤੱਕ ਹੀ ਸੀਮਿਤ ਹੈ। ਪਿੰਡਾਂ ਵਿੱਚ ਅਜੇ ਵੀ ਬਹੁਤ ਲੋਕ ਲੜਕੀਆਂ ਦੀ ਸਿੱਖਿਆ ਦਾ ਵਿਰੋਧ ਕਰਦੇ ਹਨ। ਇਸ ਲਈ ਅਜੇ ਤੱਕ ਬਹੁਤ ਕੁਝ ਕਰਨ ਦੀ ਜ਼ਰੂਰਤ ਹੈ। ਲੜਕੀ ਦੀ ਪੜ੍ਹਾਈ ਦੀ ਮਹੱਤਤਾ ਵਾਸਤੇ ਪ੍ਰਚਾਰ ਦੀ ਜ਼ਰੂਰਤ ਪਿੰਡਾਂ ਤੇ ਸ਼ਹਿਰਾਂ ਦੋਹਾਂ ਵਿੱਚ ਹੀ ਹੈ। ਸ਼ਹਿਰਾਂ ਵਿੱਚ ਭਾਵੇਂ ਕੁਝ ਜਾਗਰੂਕਤਾ ਹੈ, ਪਰ ਪਿੰਡਾਂ ਵਿੱਚ ਕਈ ਥਾਵਾਂ ਤੇ ਸਕੂਲ ਹੀ ਨਹੀਂ ਹਨ ਜਿੱਥੇ ਲੜਕੀਆਂ ਨੂੰ ਪੜ੍ਹਾਇਆ ਜਾ ਸਕੇ।

ਇਸ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਖਾਸ ਕਿੱਤਿਆਂ ਦੇ ਪ੍ਰਬੰਧ ਹੋਣੇ ਚਾਹੀਦੇ ਹਨ ਜੋ ਕਿ ਲੜਕੀਆਂ ਦੀ ਯੋਗਤਾ ਨੂੰ ਪ੍ਰਫੁੱਲਤ ਕਰਨ। ਇੱਕ ਸਾਧਾਰਨ ਲੜਕੀ ਨੂੰ ਵੀ ਇਸ ਤਰ੍ਹਾਂ ਦੀ ਸਿੱਖਿਆ ਮਿਲਣੀ ਚਾਹੀਦੀ ਹੈ ਕਿ ਉਹ ਆਪਣੇ ਘਰ ਨੂੰ ਖੁਸ਼, ਸਿਹਤਵੰਦ, ਅਗਾਂਹਵਧੂ ਅਤੇ ਸਮਾਜਿਕ ਤੌਰ 'ਤੇ ਵਧੀਆ ਬਣਾ ਸਕੇ।

### 1.2.3 ਲੜਕੀ ਨੂੰ ਸਿੱਖਿਆ ਦੀ ਲੋੜ :

ਸਿੱਖਿਆ ਇੱਕ ਮੁੱਢਲਾ ਅਧਿਕਾਰ ਹੈ, ਜਿਹੜਾ ਹਰ ਇੱਕ ਮੁਲਕ ਵਿੱਚ ਹੋਣਾ ਚਾਹੀਦਾ ਹੈ, ਪਰ ਭਾਰਤ ਵਿੱਚ ਬਹੁਤ ਸਾਰੀਆਂ ਲੜਕੀਆਂ ਹਨ, ਜਿਨ੍ਹਾਂ ਦਾ ਸਕੂਲ ਜਾਣਾ ਉਨ੍ਹਾਂ ਦੀ ਮਰਜੀ 'ਤੇ ਨਹੀਂ ਹੈ। ਲੜਕੀ ਦੀ ਸਿੱਖਿਆ ਲੜਕੇ–ਲੜਕੀਆਂ ਵਿੱਚ ਬਰਾਬਰੀ ਦਾ ਅਹਿਸਾਸ ਕਰਾਉਣ ਲਈ ਬਹੁਤ ਜ਼ਰੂਰੀ ਹੈ।

ਲੜਕੀ ਦੀ ਸਿੱਖਿਆ ਦੇ ਬਹੁਪੱਖੀ ਫਾਇਦੇ ਹਨ। ਪੜ੍ਹੀਆਂ-ਲਿਖੀਆਂ ਲੜਕੀਆਂ ਆਪਣੇ ਮੁਲਕ ਦੀ ਤਰੱਕੀ ਵਾਸਤੇ ਇੱਕ ਬਹੁਤ ਹੀ ਮਹੱਤਵਪੂਰਨ ਯੋਗਦਾਨ ਪਾ ਸਕਦੀਆਂ ਹਨ। ਉਹ ਜ਼ਿੰਦਗੀ ਦੇ ਹਰ ਸਫ਼ਰ ਵਿੱਚ ਆਦਮੀਆਂ ਦੀ ਮੱਦਦ ਕਰ ਸਕਦੀਆਂ ਹਨ। ਉਹ ਇੱਕ ਅਧਿਆਪਕ, ਵਕੀਲ, ਡਾਕਟਰ ਅਤੇ ਪ੍ਰਬੰਧਕ ਬਣਕੇ ਸਮਾਜ ਦੀ ਸੇਵਾ ਕਰ ਸਕਦੀਆਂ ਹਨ। ਜੰਗ ਦੇ ਸਮੇਂ ਵੀ ਉਹ ਵਧੀਆ ਡਿਊਟੀ ਨਿਭਾ ਸਕਦੀਆਂ ਹਨ।

ਉਸ ਅਵਸਥਾ ਵਿੱਚ ਜਦੋਂ ਕਿ ਅਰਥ ਵਿਵਸਥਾ ਇੱਕ ਢਹਿੰਦੀ ਕਲਾ ਵਿੱਚ ਹੋਵੇ, ਸਿੱਖਿਆ ਲੜਕੀਆਂ ਵਾਸਤੇ ਇੱਕ ਵਰਦਾਨ ਸਾਬਤ ਹੁੰਦੀ ਹੈ। ਵਿਆਹ ਤੋਂ ਬਾਅਦ ਪੜ੍ਹੀਆਂ ਲਿਖੀਆਂ ਲੜਕੀਆਂ ਆਪਣੇ ਪਤੀ ਦੀ ਆਮਦਨੀ ਵਿੱਚ ਹਿੱਸਾ ਪਾ ਸਕਦੀਆਂ ਹਨ। ਜੇਕਰ ਲੜਕੀ ਪੜ੍ਹੀ ਲਿਖੀ ਹੋਵੇਗੀ ਤਾਂ ਆਪਣੇ ਪਤੀ ਦੀ ਮੌਤ ਪਿੱਛੋਂ ਵੀ ਨੌਕਰੀ ਜਾਂ ਹੋਰ ਕੰਮ ਕਰਕੇ ਆਪਣਾ ਪਰਿਵਾਰ ਪਾਲ ਸਕਦੀ ਹੈ। ਪੜ੍ਹੀਆਂ ਹੋਈਆਂ ਲੜਕੀਆਂ ਆਪਣੇ ਬੱਚਿਆਂ ਨੂੰ ਵਧੀਆ ਢੰਗ ਨਾਲ ਪਾਲ ਕੇ ਆਪਣੇ ਮੁਲਕ ਦੇ ਭਵਿੱਖ ਨੂੰ ਸੁਨਹਿਰੀ ਬਣਾ ਦਿੰਦੀਆਂ ਹਨ। ਸਿੱਖਿਆ ਲੜਕੀਆਂ ਨੂੰ ਸੋਚਣ ਦੀ ਆਜ਼ਾਦੀ ਦਿੰਦੀ ਹੈ। ਉਸਦੀ ਵਿਚਾਰਧਾਰਾ ਵਿੱਚ ਵਿਸ਼ਾਲਤਾ ਆ ਜਾਂਦੀ ਹੈ। ਉਹ ਆਪਣੀਆਂ ਜਿੰਮੇਵਾਰੀਆਂ ਨੂੰ ਪਛਾਣਦੀ ਹੈ ਤੇ ਵਧੀਆ ਤਰ੍ਹਾਂ ਨਿਭਾਉਂਦੀ ਹੈ। ਵਿਕਸਿਤ ਦੇਸ਼ਾਂ ਦੇ ਵਿਕਾਸ ਲਈ ਲੜਕੀ ਦੀ ਸਿੱਖਿਆ ਇੱਕ ਬਹੁਤ ਵੱਡਾ ਯੋਗਦਾਨ ਸਾਬਤ ਹੋਈ ਹੈ। ਲੜਕੀਆਂ ਦੀ ਸਿੱਖਿਆ ਦੇ ਫਾਇਦੇ ਵਿਅਕਤੀਗਤ ਤੌਰ ਤੋਂ, ਪਰਿਵਾਰਾਂ ਅਤੇ ਸਮਾਜ ਤੋਂ ਜਾਣੇ ਜਾ ਸਕਦੇ ਹਨ। ਇਨ੍ਹਾਂ ਵਿੱਚ ਕੁਝ ਹੇਠਾਂ ਦਿੱਤੇ ਹੋਏ ਫਾਇਦੇ ਸ਼ਾਮਿਲ ਹਨ :-

1. **ਆਉਣ ਵਾਲੀ ਪੀੜ੍ਹੀ ਪੜ੍ਹੀ ਲਿਖੀ ਹੋਵੇਗੀ (Future Educated Generations) :** ਇੱਕ ਪੁਰਾਣੀ ਕਹਾਵਤ ਹੈ, ਕਿ ਜੇਕਰ ਅਸੀਂ ਇੱਕ ਲੜਕੇ ਨੂੰ ਪੜ੍ਹਾਉਂਦੇ ਹਾਂ ਤਾਂ ਮਤਲਬ ਅਸੀਂ ਇੱਕ ਆਦਮੀ ਨੂੰ ਪੜ੍ਹਾਉਂਦੇ ਹਾਂ। ਜੇਕਰ ਅਸੀਂ ਇੱਕ ਲੜਕੀ ਨੂੰ ਪੜ੍ਹਾਉਂਦੇ ਹਾਂ ਤਾਂ ਅਸੀਂ ਇੱਕ ਪਰਿਵਾਰ ਨੂੰ ਪੜ੍ਹਾਉਂਦੇ ਹਾਂ, ਸਾਰੀ ਕੌਮ ਨੂੰ ਪੜ੍ਹਾਉਂਦੇ ਹਾਂ। ਲੜਕੀ ਸਕੂਲ ਜਾਵੇਗੀ ਤਾਂ ਉਹ ਇਸ ਗੱਲ ਨੂੰ ਨਿਸ਼ਚੇ ਕਰੇਗੀ ਕਿ ਉਸਦੇ ਬੱਚੇ ਵੀ ਸਕੂਲ ਜਾਣ ਅਤੇ ਵਧੀਆ ਸਿੱਖਿਆ ਪ੍ਰਾਪਤ ਕਰਨ। ਬਹੁਤ ਸਾਰੇ ਲੋਕ ਇਸ ਗੱਲ ਦਾ ਦਾਅਵਾ ਕਰਦੇ ਹਨ ਕਿ ਲੜਕੀ ਦੀ ਪੜ੍ਹਾਈ ਵਿੱਚ ਖਰਚ ਕਰਨਾ ਕੌਮ ਵਾਸਤੇ ਖਰਚ ਕਰਨਾ ਹੈ।
2. **ਭਰੂਣ ਹੱਤਿਆ ਵਿੱਚ ਕਮੀ (Decrease Infant Mortality) :** ਪੜ੍ਹੀਆਂ ਹੋਈਆਂ ਲੜਕੀਆਂ ਦੇ ਬੱਚਿਆਂ ਦੇ ਮਰਨ ਦੀ ਬਹੁਤ ਹੀ ਘੱਟ ਸੰਭਾਵਨਾ ਹੈ। ਪੜ੍ਹੀਆਂ ਹੋਈਆਂ ਲੜਕੀਆਂ ਐੱਚ. ਆਈ. ਵੀ. ਅਤੇ ਏਡਜ਼ ਦੇ ਸੰਪਰਕ ਵਿੱਚ ਨਹੀਂ ਆਉਂਦੀਆਂ। ਇਸ ਤਰ੍ਹਾਂ ਉਨ੍ਹਾਂ ਦੇ ਬੱਚਿਆਂ ਵਿੱਚ ਇਨ੍ਹਾਂ ਦੇ ਕੀਟਾਣੂ ਜਾਣ ਦੀ ਕੋਈ ਸੰਭਾਵਨਾ ਨਹੀਂ ਹੈ। ਮੁੱਢਲੀ ਸਿੱਖਿਆ ਨਾਲ ਹੀ ਭਰੂਣ ਹੱਤਿਆ ਵਿੱਚ ਕਮੀ ਆਉਂਦੀ ਹੈ ਅਤੇ ਉੱਚ ਸਿੱਖਿਆ ਇਸ ਨੂੰ ਹੋਰ ਵੀ ਘਟਾ ਦੇਵੇਗੀ। ਵਿਸ਼ਵਵਿਆਪੀ ਲੜਕੀ ਸਿੱਖਿਆ ਫੰਡ ਦੀ ਇੱਕ ਰਿਪੋਰਟ ਹੈ ਕਿ ਅਫਰੀਕਾ ਦੀ ਇੱਕ ਅਨਪੜ ਔਰਤ ਦੇ 5 ਬੱਚਿਆਂ ਵਿੱਚੋਂ ਸਿਰਫ਼ ਇੱਕ ਬੱਚਾ ਹੀ ਬੱਚ ਨਿਕਲਦਾ ਹੈ, ਜੋ ਪਹਿਲੇ 5 ਸਾਲ ਵਿੱਚ ਨਹੀਂ ਮਰਦਾ।
3. **ਬੱਚੇ ਦੀ ਜਨਮ ਸਮੇਂ ਮਾਵਾਂ ਦੀ ਮ੍ਰਿਤੂ ਵਿੱਚ ਕਮੀ (Decrease Maternal Mortality) :** ਪੜ੍ਹੀਆਂ-ਲਿਖੀਆਂ ਔਰਤਾਂ ਨੂੰ ਸਿਹਤ ਬਾਰੇ ਜ਼ਿਆਦਾ ਗਿਆਨ ਹੋਣ ਕਾਰਨ ਬੱਚੇ ਦੇ ਗਰਭ ਦੌਰਾਨ, ਬੱਚੇ ਦੇ ਜਨਮ ਸਮੇਂ ਜਾਂ ਉਸ ਤੋਂ ਬਾਅਦ ਮਰਨ ਦੀ ਬਹੁਤ ਘੱਟ ਸੰਭਾਵਨਾ ਹੈ। ਪੜ੍ਹੀਆਂ ਲਿਖੀਆਂ ਲੜਕੀਆਂ ਨੂੰ ਔਰਤ ਦੀ ਸਿਹਤ ਸੰਭਾਲ ਬਾਰੇ ਜ਼ਿਆਦਾ ਪਤਾ ਹੁੰਦਾ ਹੈ। ਉਹ ਬੱਚੇ ਦੇ ਪੈਦਾ ਹੋਣ ਸਮੇਂ ਜਾਂ ਉਸ ਤੋਂ ਬਾਅਦ, ਸਮੇਂ-ਸਮੇਂ ਸਿਰ ਸਿਹਤ ਦਾ ਖਿਆਲ ਰੱਖਣ ਬਾਰੇ ਜਾਗਰੂਕ ਹੁੰਦੀਆਂ ਹਨ।
4. **ਬਾਲ ਵਿਆਹ ਵਿੱਚ ਕਮੀ (Decrease Child Marriage) :** ਕਈ ਵਾਰ 6-8 ਸਾਲ ਵਿੱਚ ਹੀ ਲੜਕੀਆਂ ਦਾ ਬਾਲ ਵਿਆਹ ਹੋਣ ਕਾਰਨ ਸਕੂਲ ਦੀ ਪੜ੍ਹਾਈ ਵਿੱਚੇ ਹੀ ਰਹਿ ਜਾਂਦੀ ਹੈ। ਇਸਦੇ

ਨਤੀਜੇ ਵਜੋਂ ਮਾਂ ਅਨਪੜ੍ਹ ਰਹਿ ਜਾਂਦੀ ਹੈ। ਜੋ ਕਿ ਆਪਣੇ ਪਰਿਵਾਰ ਨੂੰ ਸਹੀ ਸਿੱਖਿਆ ਨਹੀਂ ਦੇ ਸਕਦੀ। ਇਸਦੇ ਮੁਕਾਬਲੇ ਪੜ੍ਹੀਆ ਹੋਈਆਂ, ਲੜਕੀਆਂ ਆਪਣੇ ਪੈਰਾਂ ਉੱਤੇ ਖੜ੍ਹੇ ਹੋਕੇ ਹੀ ਸ਼ਾਦੀ ਕਰਵਾਉਂਦੀਆਂ ਹਨ ਤਾਂ ਕਿ ਉਹ ਆਪਣੇ ਬੱਚਿਆਂ ਦੀ ਸੇਵਾ ਸੰਭਾਲ ਵਧੀਆ ਤਰੀਕੇ ਨਾਲ ਕਰ ਸਕਣ।

5. **ਵਧਦੀ ਹੋਈ ਆਬਾਦੀ ਨੂੰ ਰੋਕਣਾ (Decrease Population Explosion) :** ਪੜ੍ਹੀਆਂ ਲਿਖੀਆਂ ਔਰਤਾਂ ਬੱਚੇ ਘੱਟ ਪੈਦਾ ਕਰਨ ਵਿੱਚ ਵਿਸ਼ਵਾਸ਼ ਰੱਖਦੀਆਂ ਹਨ। ਯੂਨੈਸਕੋ (UNESCO) ਦੇ 2000 ਦੇ ਸਰਵੇ ਮੁਤਾਬਿਕ ਬਰਾਜ਼ੀਲ ਵਿੱਚ ਪੜ੍ਹੀ ਲਿਖੀ ਔਰਤ ਦੇ ਔਸਤਨ 2.5 ਬੱਚੇ ਸਨ ਅਤੇ ਅਨਪੜ੍ਹ ਔਰਤ ਦੇ ਔਸਤਨ 6 ਬੱਚੇ ਸਨ।
6. **ਸਿਆਸਤ ਵਿੱਚ ਸ਼ਾਮਿਲ ਹੋਣ ਵਿੱਚ ਵਾਧਾ (Increase Involvement in Political Process) :** ਪੜ੍ਹੀਆਂ ਲਿਖੀਆਂ ਔਰਤਾਂ ਸਿਆਸਤ ਦੀ ਬਹਿਸ, ਮੀਟਿੰਗਾਂ ਅਤੇ ਫੈਸਲੇ ਲੈਣ ਵਿੱਚ ਹਿੱਸਾ ਲੈਂਦੀਆਂ ਹਨ, ਜਿਸ ਦੀ ਸ਼ਮੂਲੀਅਤ ਨਾਲ ਇੱਕ ਵਧੀਆ ਸਰਕਾਰ ਚੱਲਦੀ ਹੈ।
7. **ਘਰੇਲੂ ਤੇ ਸਰੀਰਕ ਅਤਿਆਚਾਰ ਵਿੱਚ ਕਮੀ (Decrease Domestic and Sexual Violence) :** ਪੜ੍ਹੀਆਂ ਲਿਖੀਆਂ ਔਰਤਾਂ ਘਰੇਲੂ ਤੇ ਸਰੀਰਕ ਅੱਤਿਆਚਾਰ ਦੀਆਂ ਸ਼ਿਕਾਰ ਨਹੀਂ ਹੋਣਗੀਆਂ ਅਤੇ ਨਾ ਹੀ ਆਪਣੇ ਪਰਿਵਾਰ ਵਿੱਚ ਅੱਤਿਆਚਾਰ ਬਰਦਾਸ਼ਤ ਕਰਨਗੀਆਂ।
8. **ਅੱਤਵਾਦ ਨੂੰ ਮੱਦਦ ਦੇਣ ਵਿੱਚ ਕਮੀ (Decrease Support for Militancy) :** ਜਿਵੇਂ–ਜਿਵੇਂ ਔਰਤਾਂ ਜ਼ਿਆਦਾ ਪੜ੍ਹ ਲਿਖ ਜਾਣਗੀਆਂ ਉਹ ਪੜ੍ਹੇ ਲਿਖੇ ਮਰਦਾਂ ਦੇ ਮੁਕਾਬਲੇ ਅੱਤਵਾਦ ਨੂੰ ਘੱਟ ਉਤਸ਼ਾਹ ਦੇਣਗੀਆਂ।
9. **ਸਮਾਜਿਕ ਅਰਥ–ਵਿਵਸਥਾ ਵਿੱਚ ਸੁਧਾਰ (Improve Socio-Economic Growth) :** ਪੜ੍ਹੀਆਂ ਲਿਖੀਆਂ ਔਰਤਾਂ ਗਰੀਬੀ ਨੂੰ ਨੇੜੇ ਨਹੀਂ ਆਉਣ ਦੇਣਗੀਆਂ। ਉਹ ਇੱਕ ਵਧੀਆ ਉਸਾਰੂ ਤੇ ਸਿਹਤਵੰਦ ਜੀਵਨ ਜਿਊਂਣਗੀਆਂ। ਉਹ ਆਪਣਾ, ਆਪਣੇ ਬੱਚਿਆਂ, ਪਰਿਵਾਰ ਤੇ ਕੌਮ ਦਾ ਰਹਿਣ–ਸਹਿਣ ਉੱਚਾ ਕਰਨਗੀਆਂ।

ਪੜ੍ਹਨ ਵਾਲੀਆਂ ਲੜਕੀਆਂ ਦੇ ਪਰਿਵਾਰ ਅਕਸਰ ਸਿਹਤਵੰਦ ਹੁੰਦੇ ਹਨ ਕਿਉਂਕਿ ਇਹ ਸਿਹਤ ਵਾਸਤੇ ਡਾਕਟਰਾਂ ਦੀ ਮੱਦਦ ਲੈਂਦੀਆਂ ਹਨ। ਪੜ੍ਹੀਆਂ ਹੋਣ ਕਰਕੇ ਡਾਕਟਰਾਂ ਦੀਆਂ ਹਦਾਇਤਾਂ ਨੂੰ ਸਮਝਕੇ ਉਨ੍ਹਾਂ ਮੁਤਾਬਿਕ ਚਲਕੇ ਸਿਹਤਮੰਦ ਰਹਿਣਗੀਆਂ।

ਮਲਾਲਾ ਯੂਸਫ ਫਜੀ ਇੱਕ ਪਾਕਿਸਤਾਨੀ ਸਕੂਲ ਜਾਣ ਵਾਲੀ ਲੜਕੀ ਜਿਸਨੂੰ ਤਾਲਿਬਾਨ ਅੱਤਵਾਦੀਆਂ ਨੇ ਸਿਰ ਤੇ ਗੋਲੀ ਮਾਰੀ ਸੀ ਉਸਨੂੰ ਇੰਗਲੈਂਡ ਲਿਆਂਦਾ ਗਿਆ। ਉਸਨੇ 16ਵੇਂ ਜਨਮ ਦਿਨ ਤੇ ਯੂਨਾਇਟਡ ਨੈਸ਼ਨ ਨੂੰ ਨਿਊਯਾਰਕ ਵਿੱਚ ਸੰਬੋਧਨ ਕੀਤਾ ਜਿਸ ਵਿੱਚ ਉਸਨੇ ਕਿਹਾ ਕਿ ਹਰ ਇੱਕ ਬੱਚੇ ਨੂੰ ਮੁਫ਼ਤ ਸਿੱਖਿਆ ਜ਼ਰੂਰੀ ਦਿੱਤੀ ਜਾਣੀ ਚਾਹੀਦੀ ਹੈ। ਉਸਨੇ 500 ਤੋਂ ਵੀ ਵੱਧ ਨੌਜਵਾਨਾਂ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਆਉ ਅਸੀਂ ਆਪਣੀਆਂ ਕਿਤਾਬਾਂ ਤੇ ਕਲਮਾਂ ਨੂੰ ਨਾਲ ਲਈਏ, ਇਹੋ ਹੀ ਸਾਡੇ ਬਹੁਤ ਤਾਕਤਵਰ ਹਥਿਆਰ ਹਨ। ਉਸਨੇ ਇਹ ਵੀ ਕਿਹਾ ਕਿ ਇੱਕ ਬੱਚਾ, ਇੱਕ ਟੀਚਰ, ਇੱਕ ਪੈਨ ਅਤੇ ਇੱਕ ਕਿਤਾਬ ਸਾਰੀ ਦੁਨੀਆਂ ਨੂੰ ਬਦਲ ਸਕਦੇ ਹਨ। ਸਿੱਖਿਆ ਹੀ ਇੱਕ ਹੱਲ ਹੈ। ਇਸ ਲਈ ਸਿੱਖਿਆ ਸਭ ਤੋਂ ਜ਼ਰੂਰੀ ਹੈ।

### 1.2.4 ਲੜਕੀ ਦੀ ਸਿੱਖਿਆ ਲਈ ਸਹੂਲਤਾਂ :

ਲੜਕੀਆਂ ਵੱਧ ਤੋਂ ਵੱਧ ਸਿੱਖਿਆ ਪ੍ਰਾਪਤ ਕਰਨ, ਇਸ ਲਈ ਸਕੂਲਾਂ ਵਿੱਚ ਸਹੀ ਵਾਤਾਵਰਨ ਹੋਣਾ ਜ਼ਰੂਰੀ ਹੈ। ਸਮਾਜ ਵਾਸਤੇ ਚੰਗੇ ਅਧਿਆਪਕ ਤੇ ਉਨ੍ਹਾਂ ਦੇ ਉਪਰਾਲੇ, ਚੰਗੇ ਸਕੂਲਾਂ ਨੂੰ ਪਹਿਚਾਨਣਾ ਜ਼ਰੂਰੀ ਹੈ।

ਲੜਕੀਆਂ ਨੂੰ ਪੜ੍ਹਨ ਵਾਸਤੇ ਉਤਸ਼ਾਹਿਤ ਕਰਨਾ ਤੇ ਉਨ੍ਹਾਂ ਨੂੰ ਸਕੂਲ ਵਿੱਚ ਪੜ੍ਹਨ ਦੇਣਾ ਬਹੁਤ ਜ਼ਰੂਰੀ ਹੈ। ਕਿਉਂਕਿ ਵਿੱਦਿਆ ਹੀ ਲੜਕੀਆਂ ਵਿੱਚ ਸਵੈਮਾਨ ਪੈਦਾ ਕਰੇਗੀ ਅਤੇ ਇਸਦੇ ਨਾਲ–ਨਾਲ ਉਹ ਅਰਥ

ਵਿਵਸਥਾ ਵਿੱਚ ਵੀ ਬਲਵਾਨ ਹੋਣਗੀਆਂ। ਆਪਣਾ ਵਿਆਹ ਯੋਗ ਉਮਰ ਵਿੱਚ ਕਰਵਾਉਣਗੀਆਂ। ਇਨ੍ਹਾਂ ਗੱਲਾਂ ਦੇ ਨਾਲ–ਨਾਲ ਦੁਪਹਿਰ ਦਾ ਮੁਫ਼ਤ ਖਾਣਾ ਸਕੂਲ ਵਿੱਚ ਹਰ ਇੱਕ ਲਈ ਜ਼ਰੂਰੀ ਹੋਣਾ ਚਾਹੀਦਾ ਹੈ। ਇਸਦਾ ਦੂਹਰਾ ਅਸਰ ਹੋਵੇਗਾ। ਇੱਕ ਤਾਂ ਉਹ ਬੱਚੇ ਨੂੰ ਸਕੂਲ ਆਉਣ ਲਈ ਉਤਸ਼ਾਹ ਦੇਵੇਗਾ, ਦੂਸਰਾ ਉਸਨੂੰ ਸਿਹਤ ਲਈ ਸਹੀ ਖੁਰਾਕ ਮਿਲੇਗੀ।

ਲੜਕੀਆਂ ਦੀਆਂ ਸਕੂਲ ਨਾ ਜਾਣ ਦੀਆਂ ਕਈ ਮਜ਼ਬੂਰੀਆਂ ਹਨ। ਖਾਸ ਕਰਕੇ ਮੁੱਢਲੀ ਸਿੱਖਿਆ ਤੋਂ ਬਾਅਦ, ਜਿਨ੍ਹਾਂ ਵਿੱਚ ਸਕੂਲ ਦਾ ਦੂਰ ਹੋਣਾ ਜਾਂ ਸਕੂਲ ਇਮਾਰਤਾਂ ਵਿੱਚ ਲੜਕੀ ਲਈ ਸਹੂਲਤਾਂ ਨਾ ਹੋਣਾ ਆਦਿ। ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਕੂਲ ਨੇੜੇ ਤੋਂ ਨੇੜੇ ਹੋਵੇ। ਲੜਕੀਆਂ ਵਾਸਤੇ ਸਕੂਲ ਜਾਣ ਲਈ ਸਾਧਨ ਸੁਰੱਖਿਅਤ ਹੋਵੇ। ਸਿੱਖਿਆ ਅਧਿਕਾਰੀਆਂ ਦੀ ਇਹ ਵੀ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਸਕੂਲਾਂ ਵਿੱਚ ਵੱਧ ਤੋਂ ਵੱਧ ਅਧਿਆਪਕਾਵਾਂ ਹੋਣ ਤਾਂ ਕਿ ਲੜਕੀਆਂ ਵਿੱਚ ਪੜ੍ਹਾਈ ਦਾ ਉਤਸ਼ਾਹ ਬਣਿਆ ਰਹੇ। ਲੜਕੀਆਂ ਲਈ ਬਰਿਜ (Bridge) ਸਕੂਲਾਂ ਵਿੱਚ ਵਧੀਆ ਕਿਸਮ ਦੀ ਸਿੱਖਿਆ ਹੋਣੀ ਚਾਹੀਦੀ ਹੈ, ਖਾਸ ਕਰਕੇ ਗਲੀਆਂ ਵਿੱਚ ਰਹਿਣ ਵਾਲੇ ਬੱਚੇ, ਬਾਲ ਮਜ਼ਦੂਰ, ਫਸਲ ਦੀ ਰੁੱਤੇ ਆਉਣ ਵਾਲੇ ਬੱਚਿਆਂ ਵਾਸਤੇ ਜੋ ਅਜੇ ਤੱਕ ਰਸਮੀ ਤੌਰ ਤੇ ਵਿੱਦਿਆ ਦੇ ਆਦਾਰੇ ਵਿੱਚ ਆਏ ਹੀ ਨਹੀਂ। ਅਜਿਹੇ ਸਕੂਲ ਉਨ੍ਹਾਂ ਬੱਚਿਆਂ ਨੂੰ ਵਿੱਦਿਆ ਨਾਲ ਜੋੜਨ ਦਾ ਕੰਮ ਕਰਨਗੇ।

ਇੱਕ ਬੜਾ ਜ਼ਰੂਰੀ ਕਾਰਨ ਜੋ ਲੜਕੀਆਂ ਦੇ ਸਕੂਲ ਆਉਣ ਵਿੱਚ ਰੁਕਾਵਟ ਦਾ ਕਾਰਨ ਹੈ, ਉਹ ਸਕੂਲਾਂ ਵਿੱਚ ਲੜਕੀਆਂ ਲਈ ਵੱਖਰੀਆਂ ਟੋਆਲਿਟ (Toilet), ਆਰੋਗ ਪ੍ਰਬੰਧ (Sanitation) ਦਾ ਨਾ ਹੋਣਾ। ਇਸ ਪਾਸੇ ਖਾਸ ਧਿਆਨ ਦੇਣ ਦੀ ਲੋੜ ਹੈ। ਸਕੂਲਾਂ ਦੀਆਂ ਜ਼ਰੂਰਤਾਂ ਲਈ ਹੇਠ ਲਿਖੇ ਮੁੱਦਿਆਂ ਉੱਤੇ ਧਿਆਨ ਦੇਣ ਤੇ ਯੋਜਨਾ ਬਣਾ ਕੇ ਅਮਲ ਦੀ ਲੋੜ ਹੈ।

### 1.2.4.1 ਲੜਕੀਆਂ ਲਈ ਲੋੜੀਂਦੀਆਂ ਸਹੂਲਤਾਂ :

(i) ਪੇਸ਼ਾਬ ਘਰ
(ii) ਪੀਣ ਵਾਲੇ ਪਾਣ ਦੀ ਸਹੂਲਤ
(iii) ਕੰਪਊਟਰ ਸੈੱਟ
(iv) ਬਿਜਲੀ
(v) ਸਕੂਲ ਦੇ ਅਦਾਰੇ ਵਿੱਚ ਦਰਖ਼ਤ ਲਗਾਉਣੇ
(vi) ਸਿਹਤ ਸਲਾਹਕਾਰ
(vii) ਅਗਵਾਈ ਅਤੇ ਪਰਾਮਰਸ਼ ਸੈੱਲ
(viii) ਬਰਿਜ ਕੋਰਸ ਕੈਂਪਸ ਵਿੱਚ ਲੜਕੀਆਂ ਦਾ ਦਾਖਲਾ ਕਰਨਾ ਜੋ ਪਹਿਲਾਂ ਦਾਖਲ ਨਹੀਂ ਕੀਤੀਆਂ ਜਾਂ ਛੱਡ ਗਈਆਂ ਸਨ।
(ix) ਜਿਨ੍ਹਾਂ ਸਕੂਲਾਂ ਵਿੱਚ ਇੱਕੋ ਅਧਿਆਪਕ ਹੈ, ਉੱਥੇ ਹੋਰ ਅਧਿਆਪਕ ਭਰਤੀ ਕਰਨਾ।
(x) ਚਾਰਦੀਵਾਰੀ
(xi) ਸਿਹਤ ਸੰਬੰਧੀ ਕਿਤਾਬਾਂ
(xii) ਆਵਾਜਾਈ ਸਾਧਨ

### 1.2.4.2 ਲੜਕੀ ਦਾ ਦੋਸਤਾਨਾ ਪਿੰਡ :

ਪਿੰਡਾਂ ਦੇ ਲੋਕਾਂ ਦਾ ਹੌਂਸਲਾ ਵਧਾਉਣਾ ਅਤੇ ਉਤਸ਼ਾਹ ਪੈਦਾ ਕਰਨਾ ਤਾਂ ਕਿ ਉਹ ਲੜਕੀਆਂ ਦੀਆ ਲੋੜਾਂ ਵਾਸਤੇ ਸੰਵੇਦਨਸ਼ੀਲ ਹੋ ਜਾਣ ਅਤੇ ਉਨ੍ਹਾਂ ਦੀ ਬੇਹਤਰੀ ਵਾਸਤੇ ਸਹਾਇਤਾ ਕਰਣ। ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਪਿੰਡਾਂ ਵਾਸਤੇ ਇੱਕ ਮਾਪਦੰਡ ਬਣਾ ਦਿੱਤਾ ਜਾਵੇ ਜੋ ਲਾਗੂ ਕੀਤਾ ਜਾਵੇ, ਜਿਹੜੇ ਪਿੰਡ ਉਨ੍ਹਾਂ

ਨਿਸ਼ਾਨਾਂ ਤੇ ਪੂਰੇ ਉਤਰਦੇ ਹੋਣ, ਉਨ੍ਹਾਂ ਨੂੰ ਲੜਕੀਆਂ ਦੇ ਦੋਸਤਾਨਾ ਪਿੰਡ ਬਣਾ ਦਿੱਤਾ ਜਾਵੇ। ਇੱਕ ਲਿਸਟ ਜੋ ਲੜਕੀ ਦੇ ਦੋਸਤਾਨਾ ਮਾਪਦੰਡ ਨੂੰ ਦਰਸਾਉਂਦੀ ਹੋਵੇ, 3 ਭਾਗਾਂ ਵਿੱਚ ਵੰਡੀ ਹੋਵੇ ਜਿਵੇਂ ਕਿ ਸਿਹਤ ਤੇ ਖ਼ੁਰਾਕ, ਸਿੱਖਿਆ ਅਤੇ ਬਚਾਓ, ਉਹ ਮੁਹੱਈਆ ਕਰਾਈ ਜਾਵੇ।

**1. ਸਿਹਤ ਅਤੇ ਖ਼ੁਰਾਕ :**

(i) ਗਰਭ ਦਾ ਦਰਜ ਕਰਨਾ
(ii) ਮਾਂ ਦਾ (immunization) ਰੋਗ ਮੁਕਤ ਰਿਕਾਰਡ
(iii) ਮਾਂ ਵਾਸਤੇ ਆਹਾਰ
(iv) ਸੰਸਥਾ ਸੰਬੰਧੀ ਪ੍ਰਾਪਤੀਆਂ
(v) ਲਗਾਤਾਰ ਸਿਹਤ ਚੈੱਕ ਕਰਨਾ
(vi) ਸਿਹਤ ਕੇਂਦਰ ਤੱਕ ਪਹੁੰਚ
(vii) ਸਿਹਤ ਵਰਕਰ ਦੀ ਉਪਲੱਬਧੀ
(viii) ਦਵਾਈ ਦੀ ਉਪਲਬਧੀ
(ix) ਲੜਕੀ ਦੀ ਸਿਹਤ ਦਾ ਲਗਾਤਾਰ ਧਿਆਨ ਰੱਖਣਾ
(x) ਲੜਕੀ ਦਾ ਰੋਗਾਂ ਤੋਂ ਮੁਕਤ ਰੱਖਣ ਦਾ ਰਿਕਾਰਡ
(xi) ਲੜਕੀ ਦੀ ਖ਼ੁਰਾਕ ਸੰਪੂਰਨਤਾ
(xii) ਥੋੜ੍ਹੀ ਖ਼ੁਰਾਕ ਦੇਣਾ

**2. ਸਿੱਖਿਆ :**

(i) ਸਕੂਲ ਤੋਂ ਪਹਿਲਾਂ ਦੀ ਸਿੱਖਿਆ ਅਤੇ ਸੰਪੂਰਨ ਖ਼ੁਰਾਕ ਦੀ ਸਹੂਲਤ
(ii) ਲੜਕੀ ਦਾ ਸਕੂਲ ਵਿੱਚ ਦਾਖਲਾ
(iii) ਮੁੱਢਲੀ ਸਿੱਖਿਆ ਦੀ ਸਹੂਲਤ
(iv) ਐਲੀਮੈਂਟਰੀ ਤੇ ਸੈਕੰਡਰੀ ਸਿੱਖਿਆ ਦੀ ਪ੍ਰਾਪਤੀ ਤੇ ਪਹੁੰਚ
(v) ਅਧਿਆਪਕਾਵਾਂ ਦੀ ਗਿਣਤੀ
(vi) ਸਿਖਸ਼ਤ ਅਧਿਆਪਕਾਂ ਦੀ ਗਿਣਤੀ
(vii) ਦੁਪਹਿਰ ਦੇ ਖਾਣੇ ਦੀ ਸਹੂਲਤ/ਪੂਰਨ ਖ਼ੁਰਾਕ
(viii) ਸਕੂਲ ਦੀਆਂ ਕਿਤਾਬਾਂ ਕਾਪੀਆਂ/ਵਰਦੀਆਂ ਦੀ ਉਪਲੱਬਧੀ
(ix) ਸਕੂਲ ਦੀ ਇਮਾਰਤ
(x) ਸਕੂਲ ਵਿੱਚ (Toilet) ਟਾਇਲਟ ਤੇ ਸੈਨੀਟੇਸ਼ਨ ਸਹੂਲਤ
(xi) ਸਕੂਲ ਵਿੱਚ ਫਰਨੀਚਰ
(xii) ਸਕੂਲ ਵਿੱਚ ਪਾਠ ਕ੍ਰਮ
(xiii) ਖੇਡ ਸਹੂਲਤਾਂ
(xiv) ਜਨ ਜਾਤੀ/ਆਦਿਵਾਸੀ/ਹੋਰ ਪੱਛੜੀਆਂ ਸ਼੍ਰੇਣੀਆਂ ਲਈ ਖਾਸ ਸਹੂਲਤਾਂ
(xv) ਵਿਕਲਾਂਗਾਂ ਵਾਸਤੇ ਖਾਸ ਸਿੱਖਿਆ।

**3. ਬਚਾਓ :**

(i) ਲੜਕੀ ਦੀ ਜਨਮ ਤਾਰੀਕ ਦਰਜ ਕਰਨਾ

(ii) ਬੱਚੇ ਨਾਲ ਅਣਉਚਿੱਤ ਵਿਵਹਾਰ ਨੂੰ ਰੋਕਣਾ

(iii) ਬਾਲ ਵਿਵਾਹ ਤੋਂ ਰੋਕਣਾ

(iv) ਸੈਕਸ ਦੇ ਸੋਸ਼ਣ ਤੇ ਧੰਦੇ ਤੋਂ ਰੋਕਣਾ

(v) ਬਾਲ ਮਜ਼ਦੂਰੀ ਤੋਂ ਬਚਾਉਣਾ

(vi) ਗਲੀ ਵਾਲੇ ਬੱਚਿਆਂ ਦਾ ਧਿਆਨ ਰੱਖਣਾ

### 1.2.5 ਲੜਕੀ ਦੀ ਸਿੱਖਿਆ ਵਾਸਤੇ ਵਰਤਮਾਨ ਸਕੀਮਾਂ

ਸਾਰੀ ਦੁਨੀਆਂ ਵਿੱਚ ਸਰਕਾਰਾਂ ਵੱਲੋਂ ਬਹੁਤ ਸਾਰੇ ਪ੍ਰੋਗਰਾਮ ਤੇ ਸਕੀਮਾਂ ਸ਼ੁਰੂ ਕੀਤੀਆਂ ਗਈਆਂ ਹਨ ਪਰ ਅਸੀਂ ਹਾਲੇ ਵੀ ਲੜਕੀ ਨੂੰ ਸਿੱਖਿਆ ਦੇਣ ਤੋਂ ਪੱਛੜੇ ਹੋਏ ਹਾਂ। ਸਮੱਸਿਆ ਸਿਰਫ ਲਾਗੂ ਕਰਨ ਵਿੱਚ ਹੀ ਨਹੀਂ ਹੈ ਬਲਕਿ ਆਮ ਲੋਕ ਕਿੰਨੇ ਕੁ ਸਹਿਮਤ ਹਨ ਇਸ ਵਿੱਚ ਵੀ ਹੈ।

#### 1.2.5.1 ਅੰਤਰ–ਰਾਸ਼ਟਰੀ ਪੱਧਰ

ਅੰਤਰਰਾਸ਼ਟਰੀ ਪੱਧਰ ’ਤੇ ਵਿਸ਼ਵਵਿਆਪੀ ਸਿੱਖਿਆ ਦੀ ਵਚਨਬੱਧਤਾ ਪਹਿਲਾਂ 1948 ਵਿੱਚ ਯੂਨੀਵਰਸਲ ਡੈਕੋਲੇਰੇਸ਼ਨ ਆਫ਼ ਹਯੂਮਨ ਰਾਈਟਸ (Universal Declaration of human Right) ਦੇ ਰੂਪ ਵਿੱਚ ਅਤੇ ਫਿਰ 1989 ਕਨਵੈਨਸ਼ਨ ਆਨ ਦੀ ਰਾਈਟਸ ਆਫ਼ ਦੀ ਚਾਈਲਡ (Convention on the Rights of the child) ਤੇ ਦੁਹਰਾਈ ਗਈ ਸੀ। 1990 ਵਿੱਚ ਬੱਚਿਆਂ ਦੇ ਵਿਸ਼ਵ ਵਿਆਪੀ ਸੰਮੇਲਨ ਵਿੱਚ ਦੁਨੀਆਂ ਦੇ ਲੀਡਰਾਂ ਨੇ ਵਚਨਬੱਧਤਾ ਕੀਤੀ ਸੀ ਕਿ ਲੜਕੇ ਅਤੇ ਲੜਕੀਆਂ ਦੋਹਾਂ ਨੂੰ ਹੀ ਵਧੀਆ ਸਿੱਖਿਆ ਦਿੱਤੀ ਜਾਵੇ ਅਤੇ ਇਸ ਚੀਜ਼ ਤੇ ਜ਼ੋਰ ਦਿੱਤਾ ਗਿਆ ਸੀ ਕਿ ਦੋਹਾਂ ਵਿੱਚ ਅਸਮਾਨਤਾ ਖ਼ਤਮ ਕੀਤੀ ਜਾਵੇ ਜੋ ਕਿ ਕਈ ਦਹਾਕਿਆਂ ਤੋਂ ਸਕੂਲਾਂ ਵਿੱਚ ਦਾਖਲੇ ਸਮੇਂ ਚੱਲ ਰਹੀ ਸੀ। ਇਸ ਵਚਨਬੱਧਤਾ ਦੇ ਬਾਵਜੂਦ ਵੀ ਇੱਕ ਉੱਚੀ ਵਿਸ਼ਵ ਵਿਆਪੀ ਸਿੱਖਿਆ ਅਧੂਰੀ ਹੀ ਰਹੀ ਅਤੇ ਦੋਹਾਂ ਲਿੰਗਾਂ ਵਿੱਚ ਫ਼ਰਕ ਹਾਲੇ ਵੀ ਮੌਜੂਦ ਹੈ।

ਯੂਨਾਈਟਡ ਨੇਸ਼ਨਜ਼ ਗਰਲਜ਼ ਐਜੂਕੇਸ਼ਨ ਇੰਨੀਸ਼ੀਏਟਵ (United Nations Girls Education Initiative) ਇੱਕ ਕੁਝ ਹਿੱਸੇਦਾਰਾਂ ਦਾ ਗਰੁੱਪ ਹੈ ਜੋ ਕਿ ਦੋਹਾਂ ਲਿੰਗਾਂ ਦੀ ਪੜ੍ਹਾਈ ਵਿੱਚ ਸਮਾਨਤਾ ਪ੍ਰਾਪਤ ਕਰਨ ਲਈ ਸਮਰਪਿਤ ਹੈ ਅਤੇ ਇਸਨੂੰ ਚਲਾਉਣ ਦਾ ਕੰਮ ਯੂਨੀਸੈਫ (UNICEF) ਨਿਭਾ ਰਹੀ ਹੈ। ਇਸ ਨੂੰ ਯੂ. ਐਨ. ਦੇ ਸੈਕਰੇਟਰੀ ਜਨਰਲ ਕੋਫੀ ਅਨਾਨ ਨੇ ਸੰਨ 2000 ਵਿੱਚ ਵਰਲਡ ਐਜੂਕੇਸ਼ਨ ਫੋਰਮ ਡਾਕਾਰ ਤੋਂ ਸ਼ੁਰੂ ਕੀਤਾ ਸੀ। ਯੂ. ਐਨ. ਜੀ. ਈ. ਆਈ. (United Nation Girls Education Initiative) ਨੇ ਵਿਸ਼ਵਵਿਆਪੀ ਲੜਕੀਆਂ ਵਾਸਤੇ ਇੱਕ ਪਲੇਟ ਫਾਰਮ ਦਾ ਕੰਮ ਕੀਤਾ ਹੈ ਜਿਸ ਰਾਹੀਂ ਲੜਕੀਆਂ ਦੀ ਸਿੱਖਿਆ ਦੀ ਲਹਿਰ ਹੋਰ ਤੇਜ਼ ਹੋਈ ਹੈ। ਵਿਸ਼ਵ ਬੈਂਕ ਨੇ ਜੋ ਐਜੂਕੇਸ਼ਨ ਫਾਰ ਆਲ ਫਾਸਟਟ੍ਰੈਕ ਇਨੀਸ਼ੀਏਟਵ ਚਾਲੂ ਕੀਤਾ ਹੈ ਜਿਸ ਦੀ ਕਈ ਦਾਨੀ ਸਹਾਇਤਾ ਕਰ ਰਹੇ ਹਨ ਅਤੇ ਹੋਰ ਵੀ ਸਾਧਨ ਜੁਟਾ ਰਹੇ ਹਨ ਤਾਂ ਕਿ ਸਿੱਖਿਆ ਦਾ ਨਿਸ਼ਾਨਾ ਪੂਰਾ ਹੋ ਸਕੇ ਯੂਨੀਸੈਫ (UNICEF) ਇਸਦਾ ਇੱਕ ਮੁੱਖ ਹਿੱਸੇਦਾਰ ਹੈ। ਇਸ ਦਾ ਕੰਮ ਕਿਸੇ ਸਕੀਮਾਂ ਅਨੁਸਾਰ ਬਿਲਡਿੰਗਾਂ ਦੀ ਸਮੱਰਥਾ ਵਧਾਉਣਾ ਅਤੇ ਆਰਥਿਕ ਮੱਦਦ ਕਰਕੇ ਉਨ੍ਹਾਂ ਦੇ ਆਪਣੇ ਸਾਧਨਾਂ ਨੂੰ ਮਜ਼ਬੂਤ ਕਰਨਾ ਹੈ।

ਸਤੰਬਰ 2000 ਵਿੱਚ 188 ਮੁਲਕਾਂ ਦੇ ਮੁੱਖੀਆਂ ਨੇ ਇੱਕ ਮਿਲੇਨੀਅਮ ਡੈਕਲੇਰੇਸ਼ਨ (Millennium Declaration) ਉੱਤੇ ਹਸਤਾਖ਼ਰ ਕੀਤੇ ਅਤੇ ਮਿਲੇਨੀਅਮਡਿਵੈਲਪਮੈਂਟ ਗੋਲਜ਼ (Millennium Development Goals) ਸਥਾਪਿਤ ਕੀਤਾ। ਇਸਦਾ ਨਿਸ਼ਾਨਾ 2015 ਤੱਕ ਇੱਕ ਖਾਸ ਪ੍ਰਾਪਤੀ ਕਰਨਾ ਸੀ। ਸਰਕਾਰਾਂ ਨੇ 2015 ਤੱਕ ਦੀ ਇੱਕ ਤਰੀਕ ਨਿਸ਼ਚਤ ਕਰ ਦਿੱਤੀ ਤਾਂ ਕਿ ਵਿਸ਼ਵ ਵਿਆਪਕ ਮੁੱਢਲੀ ਵਿੱਦਿਆ ਦੀ ਪ੍ਰਾਪਤੀ, ਦੋਹਾਂ ਲਿੰਗਾਂ ਦੀ ਸਿੱਖਿਆਂ ਵਿੱਚ ਬਰਾਬਰੀ ਨੂੰ ਨਿਸ਼ਚੈ ਕਰਨਾ ਅਤੇ ਔਰਤਾਂ ਨੂੰ ਤਾਕਤਵਰ ਬਣਾਉਣ ਦਾ ਨਿਸ਼ਾਨਾ ਪੂਰਾ ਹੋ ਸਕੇ।

**1.2.5.2 ਰਾਸ਼ਟਰੀ ਪੱਧਰ :**

ਭਾਰਤ ਦੀ ਸਰਕਾਰ ਨੇ ਵੀ ਬਹੁਤ ਸਾਰੇ ਪ੍ਰੋਗਰਾਮ ਸ਼ੁਰੂ ਕਰ ਰੱਖੇ ਹਨ। ਕਈ ਸਕੀਮਾਂ ਹਨ ਇਹ ਨਿਸ਼ਚੈ ਕਰਨ ਵਾਸਤੇ ਕਿ ਲੜਕੀ ਸਿੱਖਿਆ ਦਾ ਕੋਈ ਮੌਕੇ ਵੀ ਨਾ ਗਵਾ ਸਕੇ। ਆਜ਼ਾਦੀ ਤੋਂ ਬਾਅਦ ਸਰਕਾਰ ਨੇ 1958 ਵਿੱਚ ਇੱਕ ਰਾਸ਼ਟਰ ਕਮੇਟੀ ਬਣਾਈ ਸੀ ਜੋ ਔਰਤਾਂ ਦੀ ਸਿੱਖਿਆ ਵਾਸਤੇ ਸੀ। ਇਸ ਕਮੇਟੀ ਨੇ ਲੜਕੇ–ਲੜਕੀਆਂ ਦੀ ਪੜ੍ਹਾਈ ਨੂੰ ਬਰਾਬਰ ਰੱਖਣ ਲਈ ਆਪਣੀ ਸਲਾਹ ਦਿੱਤੀ ਸੀ। 1964 ਵਿੱਚ ਫਿਰ ਸਿੱਖਿਆ ਕਮਿਸ਼ਨ ਸੰਗਠਤ ਕੀਤਾ ਗਿਆ ਜਿਸ ਨੇ ਜ਼ਿਆਦਾ ਜ਼ੋਰ ਲੜਕੀ ਦੀ ਸਿੱਖਿਆ ਉੱਤੇ ਹੀ ਦਿੱਤਾ ਸੀ। ਸਰਕਾਰ ਨੇ 1968 ਵਿੱਚ ਇੱਕ ਨਵੀਂ ਸਿੱਖਿਆ ਪਾਲਸੀ ਬਣਾਈ ਜਿਸ ਅਨੁਸਾਰ ਪੇਂਡੂ ਤੇ ਸ਼ਹਿਰੀ ਦੋਹਾਂ ਦੀ ਸਿੱਖਿਆ ਉੱਤੇ ਜ਼ੋਰ ਦਿੱਤਾ ਗਿਆ ਸੀ।

ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਭਾਰਤ ਨੇ ਔਰਤਾਂ ਦੇ ਰੁਤਬੇ ਅਤੇ ਸਿੱਖਿਆ ਵਾਸਤੇ ਕਾਫੀ ਕਦਮ ਚੁੱਕੇ ਹਨ। 86ਵੀਂ ਸੰਵਿਧਾਨਕ ਸੋਧ 2002 ਸਿੱਖਿਆ ਨੂੰ ਫੈਲਾਉਣ ਵਾਸਤੇ ਇੱਕ ਵਧੀਆ ਕਦਮ ਸੀ, ਖਾਸ ਕਰਕੇ ਔਰਤਾਂ ਵਾਸਤੇ। ਇਸ ਐਕਟ ਮੁਤਾਬਿਕ ਸਿੱਖਿਆ 6 ਸਾਲ ਤੋਂ 14 ਸਾਲ ਦੇ ਬੱਚਿਆਂ ਦਾ ਜਨਮ ਸਿੱਧ ਅਧਿਕਾਰ ਹੈ। ਸਰਕਾਰ ਨੇ ਵਾਇਦਾ ਕੀਤਾ ਸੀ ਕਿ ਇਸ ਉਮਰ ਦੇ ਬੱਚਿਆਂ ਨੂੰ ਮੁਫ਼ਤ ਤੇ ਜ਼ਰੂਰੀ ਸਿੱਖਿਆ ਦਿੱਤੀ ਜਾਵੇਗੀ। ਇਸਨੂੰ ਸਰਵ ਸਿੱਖਿਆ ਅਭਿਆਨ ਵੀ ਕਿਹਾ ਜਾਂਦਾ ਹੈ। ਇਸ ਉਪਰੰਤ ਸਰਵ ਸਿੱਖਿਆ ਅਭਿਆਨ ਅਧੀਨ ਹੋਰ ਵੀ ਕਈ ਸਕੀਮਾਂ ਆਈਆਂ ਜੋ ਕਿ ਲੜਕੀ ਦੀ ਸਿੱਖਿਆ ਲਈ ਲਾਹੇਵੰਦ ਸਨ। ਕੁਝ ਕੁ ਸਕੀਮਾਂ ਹੇਠ ਦਿੱਤੀਆਂ ਅਨੁਸਾਰ ਹਨ :

**(ੳ) ਮਹਿਲਾ ਸਮਾਖਿਆ ਪ੍ਰੋਗਰਾਮ (Mahila Samakhya Programme) :** ਇਹ ਪ੍ਰੋਗਰਾਮ 1988 ਵਿੱਚ ਸ਼ੁਰੂ ਕੀਤਾ ਗਿਆ ਸੀ। 1968 ਦੀ ਨਵੀਂ ਸਿੱਖਿਆ ਪਾਲਿਸੀ ਤੋਂ ਬਾਅਦ ਇਹ ਪ੍ਰੋਗਰਾਮ ਖਾਸ ਕਰਕੇ ਪੇਂਡੂ ਔਰਤਾਂ ਨੂੰ ਜੋ ਕਿ ਸਮਾਜਿਕ ਤੇ ਆਰਥਿਕ ਤੌਰ ਤੇ ਪੱਛੜੀਆਂ ਸਨ, ਉਨ੍ਹਾਂ ਨੂੰ ਤਾਕਤਵਰ ਬਣਾਉਣਾ ਸੀ।

**(ਅ) ਕਸਤੂਰਬਾ ਗਾਂਧੀ ਬਾਲਕਾ ਵਿੱਦਿਆ ਸਕੀਮ (Kasturba Gandhi Balika Vidyalaya Scheme) :** ਇਹ ਸਕੀਮ ਲੜਕੀਆਂ ਨੂੰ ਮੁੱਢਲੀ ਸਿੱਖਿਆ ਦੇਣ ਵਾਸਤੇ ਜੁਲਾਈ 2004 ਵਿੱਚ ਸ਼ੁਰੂ ਕੀਤੀ ਗਈ ਸੀ। ਇਹ ਪੇਂਡੂ ਖੇਤਰ ਵਾਸਤੇ ਸੀ, ਜਿੱਥੇ ਸਿੱਖਿਆ ਦਾ ਮਿਆਰ ਬਹੁਤ ਘੱਟ ਸੀ ਜੋ ਸਕੂਲ ਖੋਲ੍ਹੇ ਗਏ ਸਨ, ਉਨ੍ਹਾਂ ਵਿੱਚ 100 ਫੀਸਦੀ ਰੀਜਰਵੇਸ਼ਨ ਹੈ। 75% ਪੱਛੜੀਆਂ ਸ਼੍ਰੇਣੀਆਂ ਅਤੇ 25% ਬੀ. ਪੀ. ਐਲ. ਲੜਕੀਆਂ ਵਾਸਤੇ ਸੀ।

**(ਸ) ਨੈਸ਼ਨਲ ਪ੍ਰੋਗਰਾਮ ਫਾਰ ਐਜੂਕੇਸ਼ਨ ਆਫ਼ ਗਰਲਜ਼ ਐਟ ਐਲੀਮੈਂਟਰੀ ਲੈਵਲ (National Programme for Education of Girls at Elementary Level) :** ਇਹ ਪ੍ਰੋਗਰਾਮ 2003 ਵਿੱਚ ਸ਼ੁਰੂ ਕੀਤਾ ਗਿਆ ਸੀ। ਇਹ ਉਨ੍ਹਾਂ ਲੜਕੀਆਂ ਲਈ ਸੀ ਜਿਨ੍ਹਾਂ ਨੂੰ ਐਸ. ਐਸ. ਏ. ਪ੍ਰੋਗਰਾਮਾਂ ਰਾਹੀਂ ਰਾਹਤ ਨਹੀਂ ਮਿਲੀ। ਐਸ. ਐਸ. ਏ. ਨੂੰ ਲੜਕੀਆਂ ਵਾਸਤੇ ਰਾਹਤ ਲਈ ਸਪਤ ਕਾਨੂੰਨ ਕਹਿਆ ਜਾਂਦਾ ਸੀ। ਇਹ ਕਾਨੂੰਨ 24 ਰਾਜਾਂ ਵਿੱਚ ਲਾਗੂ ਕੀਤਾ ਗਿਆ ਸੀ। ਇਸ ਕਾਨੂੰਨ ਅਧੀਨ ਮਾਡਲ ਸਕੂਲ ਖੋਲ੍ਹੇ ਗਏ ਸਨ, ਜਿਨ੍ਹਾਂ ਰਾਹੀਂ ਲੜਕੀਆਂ ਨੂੰ ਪੜ੍ਹਾਈ ਦੇ ਵਧੀਆ ਮੌਕੇ ਦਿੱਤੇ ਗਏ ਸਨ।

**1.2.6 ਲੜਕੀ ਦੀ ਸਿੱਖਿਆ ਲਈ ਭਵਿੱਖ ਦੀਆਂ ਸਕੀਮਾਂ :**

ਅੰਤਰਰਾਸ਼ਟਰੀ ਭਾਈਚਾਰੇ ਵਾਸਤੇ ਜ਼ਰੂਰੀ ਹੈ ਕਿ ਉਹ ਆਪਣੀਆਂ ਕੋਸ਼ਿਸ਼ਾਂ ਨੂੰ ਹੋਰ ਤੇਜ਼ ਕਰੇ ਤਾਂ ਕਿ ਜਿਨ੍ਹਾਂ ਮੁਲਕਾਂ ਵਿੱਚ ਜ਼ਿਆਦਾ ਲੜਕੀਆਂ ਸਕੂਲਾਂ ਵਿੱਚ ਨਹੀਂ ਜਾ ਰਹੀਆਂ, ਉਨ੍ਹਾਂ ਦੀ ਮੱਦਦ ਹੋ ਸਕੇ। ਅੰਤਰਰਾਸ਼ਟਰੀ ਭਾਈਚਾਰੇ ਨੂੰ ਹੇਠ ਲਿਖੇ ਉੱਤੇ ਧਿਆਨ ਦੇਣਾ ਚਾਹੀਦਾ ਹੈ :

(ੳ) ਪੈਸੇ ਦੇ ਨਵੇਂ ਸਾਧਨ ਪੈਦਾ ਕੀਤੇ ਜਾਣ ਅਤੇ ਉਨ੍ਹਾਂ ਦੀ ਵਰਤੋਂ ਜ਼ਿਆਦਾ ਜ਼ਰੂਰਤਮੰਦਾਂ ਉੱਤੇ ਕੀਤੀ ਜਾਵੇ।

(ਅ) ਸਾਧਨਾਂ ਦਾ ਸੁਧਾਰ ਕਰਕੇ ਵਰਤਨ ਵਾਲੇ ਮੁਲਕਾਂ ਨੂੰ ਕਿਹਾ ਜਾਵੇ ਕਿ ਉਹ ਵੱਧ ਤੋਂ ਵੱਧ ਲਾਹਾ ਲੈਣ।

(ੲ) ਕੁਝ ਕੁ ਖਾਸ ਅਦਾਰਿਆਂ ਨੂੰ ਮਜ਼ਬੂਤ ਕੀਤਾ ਜਾਵੇ ਕਿ ਉਹ ਲੜਕੀਆਂ ਦੀ ਸਿੱਖਿਆ ਵਾਸਤੇ ਵਧੀਆ ਲੀਡਰਸ਼ਿਪ ਪ੍ਰਦਾਨ ਕਰ ਸਕਣ ਅਤੇ ਉਨ੍ਹਾਂ ਦੀ ਸੰਬੰਧਤ ਦੇਸ਼ ਵੱਡੇ ਲੈਵਲ ਉੱਤੇ ਮੱਦਦ ਲੈਣ ਸਕਣ।

### 1.2.6.1 ਲੜਕੀਆਂ ਲਈ ਚੰਗੀ ਸਿੱਖਿਆ ਲੈਣ ਦੇ ਰਸਤੇ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਪ੍ਰਭਾਵਿਤ ਕਰਨ ਵਾਲਾ ਤੱਤ :

ਦੁਨੀਆਂ ਦੇ ਬਹੁਤ ਸਾਰੇ ਮੁਲਕ ਜਿਨ੍ਹਾਂ ਵਿੱਚ ਵਿਕਸਿਤ ਤੇ ਵਿਕਾਸਸ਼ੀਲ ਦੇਸ਼ ਦੋਵੇਂ ਕਿਸਮ ਦੇ ਦੇਸ਼ ਸ਼ਾਮਿਲ ਹਨ, ਉਨ੍ਹਾਂ ਵਿੱਚ ਮਾਪੇ ਲੜਕੀਆਂ ਲਈ ਵਧੀਆ ਕਿਸਮ ਦੀ ਸਿੱਖਿਆ ਦੀ ਤਸੱਲੀ ਲੈ ਸਕਦੇ ਹਨ। ਪਰ ਦੁਨੀਆਂ ਵਿੱਚ ਕਈ ਥਾਵਾਂ ਅਜਿਹੀਆਂ ਵੀ ਹਨ ਜਿੱਥੇ ਵਧੀਆ ਸਿੱਖਿਆ ਬੱਚਿਆਂ ਦੀ ਪਹੁੰਚ ਤੋਂ ਬਾਹਰ ਹੈ। ਪੰਜ ਖਾਸ ਕਾਰਨ, ਜਿਨ੍ਹਾਂ ਕਰਕੇ ਲੜਕੀਆਂ ਸਿੱਖਿਆ ਨਹੀਂ ਪ੍ਰਾਪਤ ਕਰ ਸਕਦੀਆਂ:

**(ੳ) ਪੜ੍ਹਾਈ ਦਾ ਖਰਚਾ :** ਇਹ ਗੱਲ ਯਕੀਨੀ ਬਣਾਈ ਜਾਵੇ ਕਿ ਮਾਂ-ਬਾਪ ਲੜਕੀਆਂ ਦੀ ਸਿੱਖਿਆ ਦਾ ਖਰਚਾ ਦੇ ਸਕਣ।

**(ਅ) ਸਕੂਲਾਂ ਦਾ ਵਧੀਆ ਵਾਤਾਵਰਨ ਨਾ ਹੋਣਾ :** ਇਹ ਗੱਲ ਯਕੀਨੀ ਹੋਵੇ ਕਿ ਲੜਕੀਆਂ ਵਾਸਤੇ ਸਕੂਲ ਦੇ ਵਾਤਾਵਰਨ ਵਿੱਚ ਕੋਈ ਕਮੀ ਨਹੀਂ ਹੈ।

**(ਸ) ਔਰਤ ਨੂੰ ਸਮਾਜ ਵਿੱਚ ਕਮਜ਼ੋਰ ਸਮਝਿਆ ਜਾਣਾ :** ਸਮਾਜ ਤੇ ਮਾਂ ਬਾਪ ਇਹ ਗੱਲ ਯਕੀਨੀ ਬਣਾਉਣ ਕਿ ਲੜਕੀਆਂ ਕਿਸੇ ਗੱਲੋਂ ਘੱਟ ਨਹੀਂ ਹਨ ਅਤੇ ਇਨ੍ਹਾਂ ਦੀ ਸਿੱਖਿਆ ਜ਼ਰੂਰੀ ਹੈ।

**(ਹ) ਦੇਸ਼ ਦੀ ਅੰਦਰੂਨੀ ਲੜਾਈ :** ਜਿਨ੍ਹਾਂ ਬੱਚਿਆਂ ਨੂੰ ਦੇਸ਼ ਦੀ ਅੰਦਰੂਨੀ ਲੜਾਈ ਕਾਰਨ ਸਕੂਲ ਛੱਡਣਾ ਪਿਆ, ਉਨ੍ਹਾਂ ਦੀ ਸਿੱਖਿਆ ਵੀ ਯਕੀਨੀ ਬਣਾਈ ਜਾਵੇ।

**(ਕ) ਸਮਾਜਿਕ ਤੌਰ ਤੇ ਨਕਾਰੇ ਜਾਣਾ :** ਇਹ ਗੱਲ ਯਕੀਨੀ ਬਣਾਈ ਜਾਵੇ ਕਿ ਲੜਕੀਆਂ ਨੂੰ ਕਿਸੇ ਜਾਤ-ਪਾਤ ਜਾਂ ਧਾਰਮਿਕ ਮਜ਼੍ਹਬੀ ਝਗੜੇ ਕਰਕੇ ਸਿੱਖਿਆ ਤੋਂ ਵਾਂਝਿਆ ਤਾਂ ਨਹੀਂ ਕੀਤਾ ਜਾ ਰਿਹਾ।

ਇਹ ਰੁਕਾਵਟਾਂ ਖਤਮ ਹੋਣ ਵਾਲੀਆਂ ਨਹੀਂ ਹਨ ਭਾਵੇਂ ਕਈ ਮੁਲਕਾਂ ਦੇ ਇਹ ਨਿਸ਼ਾਨੇ ਉੱਤੇ ਹਨ। ਇਹ ਰੁਕਾਵਟਾਂ ਲੜਕੀਆਂ ਵਾਸਤੇ ਬੋਝ ਹਨ ਤਾਂ ਕਿ ਉਹ ਵਧੀਆ ਕਿਸਮ ਦੀ ਸਿੱਖਿਆ ਨਾ ਲੈ ਸਕਣ।

### 1.2.6.1.1 ਲੜਕੀਆਂ ਨੂੰ ਪੜ੍ਹਾਉਣਾ ਮਾਪਿਆਂ ਵਾਸਤੇ ਮਹਿੰਗਾ :

ਮਾਂ-ਬਾਪ ਲਈ ਲੜਕੀਆਂ ਦੀ ਪੜ੍ਹਾਈ ਪੈਸੇ ਅਤੇ ਸਮਾਜਿਕ ਤੌਰ ਤੇ ਵੀ ਮਹਿੰਗੀ ਹੈ। ਇਹ ਚਾਰ ਕਾਰਨ ਕਰਕੇ ਹੈ : ਟਿਊਸ਼ਨ ਫੀਸ ਤੇ ਹੋਰ ਸਿੱਧੀਆਂ ਫੀਸਾਂ, ਅਸਿੱਧੇ ਖਰਚੇ (ਜਿਵੇਂ ਪੀ. ਟੀ. ਏ. ਫੀ, ਟੀਚਰਜ ਲੈਵੀਸ ਅਤੇ ਸਕੂਲ ਦੀ ਬਣਤਰ ਤੇ ਬਿਲਡਿੰਗ ਫੰਡ), ਅਸਿੱਧੇ ਖਰਚੇ (ਜਿਵੇਂ ਕਿ ਆਵਾਜਾਈ ਅਤੇ ਵਰਦੀ ਆਦਿ) ਅਤੇ ਹੋਰ ਖਰਚੇ ਜਿਵੇਂ ਕਿ ਸਕੂਲ ਜਾਣ ਕਾਰਨ ਕਮਾਈ ਨਾ ਕਰ ਸਕਣਾ। ਇਹ ਖਰਚੇ ਇੱਕ ਮਹੱਤਵਪੂਰਨ ਪ੍ਰਭਾਵ ਪਾਉਂਦੇ ਹਨ ਕਿ ਕਿਵੇਂ ਤੇ ਕਿਹੜੇ ਬੱਚਿਆਂ ਨੂੰ ਪੜ੍ਹਾਇਆ ਜਾਵੇ।

### 1.2.6.1.2 ਦੋਹਰਾ ਭਾਰ

ਦੋਹਰੇ ਭਾਰ ਤੋਂ ਭਾਵ ਹੈ ਕਿ ਬਾਹਰੀ ਕੰਮ ਕਰਨ ਦੇ ਨਾਲ-ਨਾਲ ਘਰੇਲੂ ਕੰਮ ਜੋ ਘਰ ਵਿੱਚ ਹੁੰਦੇ ਹਨ, ਲੜਕੀਆਂ ਨੂੰ ਕਰਨੇ ਪੈਂਦੇ ਹਨ। ਔਰਤਾਂ ਤੇ ਲੜਕੀਆਂ ਅਕਸਰ ਘਰੇਲੂ ਕੰਮ ਤੇ ਕਾਫੀ ਸਮਾਂ ਲਗਾਉਂਦੀਆਂ ਹਨ ਜਿਵੇਂ ਕਿ ਛੋਟੇ ਬੱਚਿਆਂ ਦੀ ਸੰਭਾਲ, ਕਿਸੇ ਬਿਮਾਰ ਦੀ ਸੰਭਾਲ ਜੋ ਕਿ ਉਸ ਘਰ ਦੇ ਆਦਮੀ ਤੇ ਮੁੰਡੇ ਨਹੀਂ ਕਰਦੇ। ਇਸ ਤਰ੍ਹਾਂ ਦੇ ਕੰਮ ਕਰਨ ਨਾਲ ਲੜਕੀਆਂ ਵਾਸਤੇ ਪੜ੍ਹਾਈ ਲਈ ਸਮਾਂ ਘੱਟ ਬੱਚਦਾ ਹੈ। ਕੁਝ ਦੇਸ਼ਾਂ

ਵਿੱਚ ਆਮ ਤੌਰ ਤੇ ਇਹ ਸਮਝਿਆ ਜਾਂਦਾ ਹੈ ਕਿ ਵੱਡੇ ਹੋ ਕੇ ਲੜਕੇ ਬਾਹਰ ਕੰਮ ਕਰਕੇ ਕਮਾਂ ਕੇ ਲਿਆਉਣਗੇ ਅਤੇ ਲੜਕੀਆਂ ਘਰੇਲੂ ਕੰਮ ਕਰਨਗੀਆਂ। ਪਰ ਅਸਲੀਅਤ ਇਹ ਹੈ ਕਿ ਬਚਪਨ ਤੋਂ ਹੀ ਲੜਕੀਆਂ ਵੀ ਲੜਕਿਆਂ ਵਾਂਗ ਪੈਸੇ ਕਮਾਉਂਦੀਆਂ ਹਨ, ਇਸ ਤੋਂ ਬਿਨਾਂ ਉਨ੍ਹਾਂ ਨੂੰ ਘਰੇਲੂ ਕੰਮ ਵੀ ਕਰਨਾ ਪੈਂਦਾ ਹੈ ਜੋ ਕਿ ਲੜਕੇ ਨਹੀਂ ਕਰਦੇ।

**1.2.6.2 ਲੜਕੀ ਦੀ ਸਿੱਖਿਆ ਪ੍ਰਾਪਤੀ ਦੇ ਨਿਸ਼ਾਨੇ ਲਈ ਉਪਰਾਲੇ :**

(ੳ) ਸਭਨਾ ਨੂੰ ਮੁਫ਼ਤ ਤੇ ਜ਼ਰੂਰੀ ਸਿੱਖਿਆ ਦਿੱਤੀ ਜਾਵੇ।

(ਅ) ਗਰੀਬੀ ਘਟਾਈ ਜਾਏ ਅਤੇ ਬਾਲਗਾਂ ਨੂੰ ਰੁਪਏ ਪੈਸੇ ਕਮਾਉਣ ਦੇ ਵਧੀਆ ਸਾਧਨ ਜੁਟਾਏ ਜਾਣ ਤਾਂ ਕਿ ਉਹ ਆਪਣੇ ਲੜਕੇ–ਲੜਕੀਆਂ ਦੋਹਾਂ ਨੂੰ ਪੜ੍ਹਾ ਸਕਣ।

(ਸ) ਇਹ ਗੱਲ ਯਕੀਨੀ ਬਣਾਉਣਾ ਕਿ ਸਕੂਲ ਦੀ ਸਿੱਖਿਆ ਹਰ ਇੱਕ ਦੀ ਪਹੁੰਚ ਵਿੱਚ ਹੈ। ਸਕੂਲ ਵਿੱਚ ਕਿਸੇ ਨੂੰ ਖਤਰਾ ਨਹੀਂ ਤੇ ਉੱਥੋਂ ਦਾ ਵਾਤਾਵਰਨ ਪੜ੍ਹਾਈ ਵਾਲਾ ਹੈ।

(ਹ) ਬਾਲ ਮਜ਼ਦੂਰੀ ਦੇ ਖਿਲਾਫ਼ ਅਤੇ ਲਾਜ਼ਮੀ ਸਿੱਖਿਆ ਲਈ ਬਣੇ ਕਾਨੂੰਨਾਂ ਨੂੰ ਸੰਪਤੀ ਨਾਲ ਲਾਗੂ ਕੀਤਾ ਜਾਵੇ।

(ਕ) ਅਧਿਆਪਕ ਅਮਲੇ ਦਾ ਸਹੀ ਢੰਗ ਨਾਲ ਯੋਗ ਹੋਣ ਨੂੰ ਯਕੀਨਨ ਬਣਾਉਣਾ।

(ਖ) ਜਨਤਾ ਨੂੰ ਜਾਗਰੂਕ ਕਰਨਾ ਕਿ ਬਾਲ ਮਜ਼ਦੂਰੀ ਨੂੰ ਖਤਮ ਕਰਨ ਦੀ ਅਤੇ ਸਿੱਖਿਆ ਨੂੰ ਅਪਨਾਉਣਾ ਦੀ ਲੋੜ ਹੈ।

(ਗ) ਲੜਕੇ–ਲੜਕੀਆਂ ਅਤੇ ਬਾਲਗ ਜੋ ਸਕੂਲ ਨਹੀਂ ਜਾ ਸਕੇ ਉਨ੍ਹਾਂ ਨੂੰ ਦੁਬਾਰਾ ਸਿੱਖਿਆ ਦੇਣਾ।

(ਘ) ਲੜਕੀ ਦੀ ਸਿੱਖਿਆ ਵਿੱਚ ਆਉਂਦੀਆਂ ਖਾਸ ਰੁਕਾਵਟਾਂ ਨੂੰ ਦੂਰ ਕਰਨਾ।

19 ਦਸੰਬਰ 2002 ਨੂੰ ਸੰਯੁਕਤ ਰਾਸ਼ਟਰ ਦੀ ਆਮ ਸਭਾ ਨੇ ਮਤਾ ਨੰ 66/170 ਰਾਹੀਂ ਪਾਸ ਕਰਕੇ 2 ਅਕਤੂਬਰ ਦਾ ਦਿਨ ''ਲੜਕੀਆਂ ਲਈ ਅੰਤਰਰਾਸ਼ਟਰੀ ਦਿਵਸ'' ਘੋਸ਼ਿਤ ਕੀਤਾ ਸੀ ਤਾਂ ਕਿ ਲੜਕੀਆਂ ਦੇ ਅਧਿਕਾਰਾਂ ਦੀ ਪਹਿਚਾਣ ਹੋ ਸਕੇ ਅਤੇ ਦੁਨੀਆਂ ਵਿੱਚ ਲੜਕੀਆਂ ਦੇ ਸਾਹਮਣੇ ਆਉਂਦੀਆਂ ਮੁਸ਼ਕਲਾਂ ਜਾਣੀਆਂ ਜਾ ਸਕਣ। ਲੜਕੀਆਂ ਜਿਨ੍ਹਾਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੀਆਂ ਹਨ ਉਨ੍ਹਾਂ ਨੂੰ ਨਿਵੇਕਲੇ ਢੰਗ ਨਾਲ ਜਾਂਚਣਾ ਜ਼ਰੂਰੀ ਹੋਵੇਗਾ ਅਤੇ ਇਹ ਵੀ ਯਕੀਨਣ ਬਣਾਉਣਾ ਹੋਵੇਗਾ ਕਿ ਉਹ 21ਵੀਂ ਸਦੀ ਦੀ ਚੁਣੌਤੀਆਂ ਦਾ ਸਾਹਮਣਾ ਕਰਦੇ ਹੋਏ ਵਧੀਆ ਸਿੱਖਿਆ ਪ੍ਰਾਪਤ ਕਰ ਸਕਣ। ਜਿਸ ਤਰ੍ਹਾਂ ਵਿਸ਼ਵ ਨੇ ਲੜਕੇ–ਲੜਕੀ ਦੀ ਸਿੱਖਿਆ ਦੀਆਂ ਵਿਸ਼ਵਵਿਆਪੀ ਪ੍ਰਾਪਤੀਆਂ ਵਿੱਚ ਅੰਤਰ ਅਨੁਭਵ ਕੀਤਾ ਹੈ ਅਤੇ 2015 ਤੋਂ ਬਾਅਦ ਵਾਸਤੇ ਨਿਸ਼ਾਨਾ ਰੱਖਿਆ। ਉਸ ਨਾਲ ਲੜਕੀ ਦੀ ਸਿੱਖਿਆ ਵਾਸਤੇ ਹੋਰ ਅਸਰਦਾਰ ਉਸਾਰੂ ਤੇ ਸਥਾਈ ਢੰਗ ਤਰੀਕੇ ਮਿਲ ਜਾਣਗੇ।

ਲੜਕੀਆਂ ਦੀ ਸਿੱਖਿਆ ਨੂੰ ਜ਼ਰੂਰੀ ਮੰਨ ਕੇ ਅਤੇ ਇਸ ਨੂੰ ਅੱਗੇ ਤੋਰਨ ਵਾਸਤੇ 2013 ਵਿੱਚ ''ਲੜਕੀਆਂ ਦਾ ਦਿਵਸ'' ਦਾ ਉਦੇਸ਼ (Innovating for Girls Education) ਇਨੋਵੇਟਿੰਗ ਫਾਰ ਗਰਲਜ਼ ਐਜੂਕੇਸ਼ਨ ਰੱਖਿਆ ਗਿਆ ਸੀ। ਇਹ ਲੜਕੀਆਂ ਦੀ ਸਿੱਖਿਆ ਪ੍ਰਾਪਤੀ ਵਾਸਤੇ ਸਹੀ ਸਿੱਧ ਹੋਵੇਗਾ। ਕਲਾ ਦੀ ਫਬਵੀਂ ਅਤੇ ਰਚਨਾਤਮਕ ਵਰਤੋਂ ਹੀ ਇੱਕ ਰਸਤਾ ਹੈ ਜੋ ਲੜਕੇ ਅਤੇ ਲੜਕੀਆਂ ਦੀ ਸਿੱਖਿਆ ਪ੍ਰਾਪਤੀ ਦੀ ਵਿੱਥ ਦੂਰ ਕਰ ਸਕੇ। ਪ੍ਰੰਤੂ ਭਾਈਵਾਲੀ, ਸਕੀਮਾਂ, ਸਾਧਨਾਂ ਦੀ ਵਰਤੋਂ, ਭਾਈਚਾਰੇ ਨੂੰ ਅੱਗੇ ਤੋਰਨਾ ਅਤੇ ਇਸ ਤੋਂ ਵੀ ਵੱਧ ਨੌਜਵਾਨਾਂ ਨੂੰ ਇਸ ਵਿੱਚ ਸ਼ਾਮਿਲ ਕਰਕੇ ਇਕ ਨਿਵੇਕਲੀ ਸੋਚ ਦਾ ਹਿੱਸਾ ਬਣਾਇਆ ਜਾ ਸਕਦਾ ਹੈ। ਹੇਠਾਂ ਕੁਝ ਉਦਾਹਰਣਾਂ ਦਿੱਤੀਆਂ ਗਈਆਂ ਹਨ, ਜੋ ਲੜਕੀਆਂ ਦੀ ਪੜ੍ਹਾਈ ਲਈ ਇਨੋਵੇਟਿਵ (Innovative) ਸਾਬਤ ਹੋ ਸਕਦੀਆਂ ਹਨ :

(ੳ) ਲੜਕੀਆਂ ਨੂੰ ਸਕੂਲ ਜਾਣ ਵਾਸਤੇ ਆਪਣੇ ਤੇ ਦੂਸਰੇ ਸਾਧਨਾਂ ਦਾ ਸੁਧਾਰ

(ਅ) ਜੁਆਨ ਪੀੜ੍ਹੀ ਨੂੰ ਸਕੂਲਾਂ ਦਾ ਪ੍ਰਬੰਧ ਸੰਭਾਲਣਾ ਅਤੇ ਉਨ੍ਹਾਂ ਦੀ ਜਿੰਮੇਵਾਰੀ ਨੀਯਤ ਕਰਨੀ ਕਿ ਉਹ ਸਕੂਲ ਨੂੰ ਚਲਾਉਣਗੇ, ਸਹੂਲਤਾਂ ਦੇਣਗੇ, ਲੜਕੀਆਂ ਦੀ ਰੱਖਿਆ ਅਤੇ ਸਿੱਖਿਆ ਨੂੰ ਯਕੀਨਣ ਬਣਾਉਣਗੇ।

(ਸ) ਸਕੂਲ ਦੇ ਢਾਂਚੇ ਨੂੰ ਅਤੇ ਬੈਂਕਾਂ ਨੂੰ ਆਪਸ ਵਿੱਚ ਮਿਲਾਉਣਾ ਤਾਂ ਕਿ ਸਕੂਲ ਅਧਿਆਪਕਾਵਾਂ ਨੂੰ ਉਨ੍ਹਾਂ ਦੀਆਂ ਤਨਖਾਹਾਂ ਅਤੇ ਲੜਕੀਆਂ ਨੂੰ ਉਨ੍ਹਾਂ ਦੇ ਵਜੀਫ਼ੇ ਅਵੱਛ ਅਤੇ ਵੇਲੇ ਸਿਰ ਮਿਲ ਸਕਣ।

(ਹ) ਸਾਇੰਸ ਅਤੇ ਤਕਨਾਲੋਜੀ ਨੂੰ ਕੋਰਸਾਂ ਰਾਹੀਂ ਸਕੂਲਾਂ, ਯੂਨੀਵਰਸਿਟੀਆਂ ਅਤੇ ਹੋਰ ਵਿੱਦਿਅਕ ਅਦਾਰਿਆਂ ਵਿੱਚ ਲੜਕੀਆਂ ਲਈ ਮੁਹੱਈਆਂ ਕਰਵਾਉਣਾ।

(ਕ) ਅਜਿਹੇ ਪ੍ਰੋਗਰਾਮ ਬਣਾਉਣੇ ਜੋ ਕਿ ਲੜਕੀਆਂ ਵਿੱਚ ਔਖੇ ਕੰਮ ਕਰਨ ਦੀ ਯੋਗਤਾ, ਅਗਵਾਈ ਕਰਨ ਦੀ ਕਲਾ ਅਤੇ ਸਕੂਲ ਤੋਂ ਬਾਅਦ ਕੰਮ ਕਰਨ ਵਿੱਚ ਸਹਾਈ ਹੋਣ।

(ਖ) ਸਕੂਲ ਵਿੱਚ ਪਾਠਕ੍ਰਮ ਵਿੱਚ ਤਬਦੀਲੀ ਕਰਕੇ ਸਹੀ ਢੰਗ ਨਾਲ ਨਿਯਮ ਸਿਖਾਏ ਜਾਣ ਤਾਂ ਕਿ ਲੜਕੀਆਂ ਨਾਲ ਹੋਣ ਵਾਲੇ ਅੱਤਿਆਚਾਰ ਲੜਕੇ-ਲੜਕੀਆਂ ਦੀ ਜਿੰਮੇਵਾਰੀਆਂ, ਬਾਲ ਵਿਆਹ ਅਤੇ ਸਿਹਤ ਸੰਬੰਧੀ ਜਾਣਕਾਰੀ ਮਿਲ ਸਕੇ।

(ਗ) ਮੋਬਾਇਲ ਵੈਨ ਤਕਨੀਕ ਰਾਹੀਂ ਲੜਕੀਆਂ ਨੂੰ ਪੜ੍ਹਾਈ, ਸਿਖਾਈ ਜਾਵੇ ਖਾਸ ਕਰਕੇ ਦੂਰ-ਦਰਾਜ ਦੇ ਇਲਾਕਿਆਂ ਵਿੱਚ।

**1.2.6.3 ਰਾਸ਼ਟਰੀ ਪਲਾਨਸ ਅਤੇ ਪਾਲਿਸੀਆਂ :**

ਆਜ਼ਾਦੀ ਤੋਂ ਬਾਅਦ ਪੜ੍ਹਾਈ ਹੀ ਸਰਕਾਰ ਵਾਸਤੇ ਖਾਸ ਮੁੱਦਾ ਰਹੀ ਹੈ ਮੁੱਢਲੀ ਸਿੱਖਿਆ ਦਾ ਪ੍ਰਸਾਰ ਕਰਨਾ ਹੀ ਸਟੇਟ ਦਾ ਉਦੇਸ਼ ਰਿਹਾ ਹੈ ਜੋ ਕਿ ਸਿਹਤਕ ਸਿਧਾਂਤਾਂ ਅਨੁਸਾਰ ਹੈ, ਜੋ ਸੰਵਿਧਾਨ ਦੇ ਅਨੁਸਾਰ ਹੈ। ਇਸ ਤੋਂ ਬਿਨਾਂ 14 ਸਾਲ ਦੀ ਉਮਰ ਤੱਕ ਬੱਚਿਆਂ ਦਾ ਸਿੱਖਿਆ ਦਾ ਅਧਿਕਾਰ ਜੋ ਕਿ ਸਟੇਟ ਵਾਸਤੇ ਦੇਣਾ ਜ਼ਰੂਰੀ ਹੈ ਜਿਸ ਅਨੁਸਾਰ 14 ਸਾਲ ਤੱਕ ਵਿੱਦਿਆ ਮੁਫ਼ਤ ਅਤੇ ਲਾਜ਼ਮੀ ਹੈ।

2002 ਦੀ ਜਨਗਨਣਾ ਤੋਂ ਪਤਾ ਲੱਗਦਾ ਹੈ ਕਿ ਸੀ. ਐਸ. ਆਰ. (CSR) ਦਾ ਟਰੈਂਡ ਘੱਟਦਾ ਜਾ ਰਿਹਾ ਹੈ। 0-6 ਦੇ ਉਮਰ ਗਰੁੱਪ ਵਿੱਚ 2002 ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ 1000 ਪਿੱਛੇ 919 ਸੀ ਜੋ ਕਿ 2001 ਦੇ ਜਨਗਣਨਾ ਵਿੱਚ 927 ਸੀ।

ਲੜਕੀਆਂ ਨਾਲ ਵਿਤਕਰਾ ਜਨਮ ਤੋਂ ਬਾਅਦ ਕਈ ਕਿਸਮ ਨਾਲ ਜਾਰੀ ਹੀ ਹੈ। ਜਿਵੇਂ ਕਿ ਸਿਹਤ, ਖੁਰਾਕ ਅਤੇ ਲੜਕੀ ਦੀ ਸਿੱਖਿਆ ਦੀ ਲੋੜ। ਜਨਤਾ ਵਿੱਚ ਜਾਗਰੂਕਤਾ ਲਿਆਉਣ ਵਾਸਤੇ "ਬੇਟੀ ਬਚਾਓ ਬੇਟੀ ਪੜ੍ਹਾਓ" ਅਭਿਆਨ ਵੀ ਚਾਲੂ ਕੀਤਾ ਗਿਆ ਹੈ। ਇਸਦਾ ਮਕਸਦ ਲੜਕੀਆਂ ਨੂੰ ਸਿੱਖਿਆ ਦੇ ਕੇ ਸਮਾਜਿਕ ਤੇ ਆਰਥਿਕ ਤੌਰ ਤੇ ਸਵੈ ਨਿਰਭਰ ਕਰਨਾ ਹੈ। ਇਸ ਨਾਲ ਸਰਕਾਰ ਲੋਕਾਂ ਵਿੱਚ ਜਾਗਰੂਕਤਾ ਅਤੇ ਔਰਤਾਂ ਨੂੰ ਉਨ੍ਹਾਂ ਦੀ ਭਲਾਈ ਦੀਆਂ ਸਕੀਮਾਂ ਵਿੱਚ ਜਲਦੀ ਲਾਭ ਦੇਣਾ ਚਾਹੁੰਦੀ ਹੈ। ਲੜਕੀ ਦੀ ਸਿੱਖਿਆ ਦੇ ਸੁਧਾਰ ਵਾਸਤੇ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਿਆ ਜਾਵੇ :

(ੳ) ਮਾਪੇ ਅਤੇ ਸਮਾਜ ਨੂੰ ਲੋੜ ਹੈ ਕਿ ਉਹ ਬੱਚਿਆਂ ਦੀ ਸਿੱਖਿਆ ਨੂੰ ਜ਼ਰੂਰੀ ਸਮਝੇ ਅਤੇ ਮਾਪਿਆਂ ਅੰਦਰ ਇਹ ਗੱਲ ਪਰਪੱਕ ਕਰਨਾ ਕਿ ਉਹ ਆਪਣੇ ਬੱਚਿਆਂ ਨੂੰ ਖਾਸ ਕਰਕੇ ਲੜਕੀਆਂ ਨੂੰ ਸਕੂਲ ਭੇਜਣ।

(ਅ) ਵਿੱਦਿਆ ਦੀਆਂ ਸਕੀਮਾਂ ਵਿੱਚ ਕੁਝ ਤਬਦੀਲੀਆਂ ਕੀਤੀਆਂ ਜਾਣ, ਜਿਸ ਤਰ੍ਹਾਂ ਸੀ. ਬੀ. ਐਸ. ਈ. ਨੇ ਆਪਣੇ ਇਮਤਿਹਾਨ ਦੇ ਕਾਨੂੰਨ ਵਿੱਚ ਇਹ ਸ਼ਾਮਿਲ ਕੀਤਾ ਹੈ ਕਿ ਕੋਈ ਲੜਕੀ ਉਮੀਦਵਾਰ ਜੋ ਨੈਸ਼ਨਲ ਕੈਪੀਟਲ ਟੈਰੀਟਰੀ ਆਫ਼ ਦਿੱਲੀ ਦੀ ਵਸਨੀਕ ਹੈ ਉਹ ਦਸਵੀਂ ਅਤੇ ਬਾਹਰਵੀਂ ਜਮਾਤ ਦਾ ਪ੍ਰਾਈਵੇਟ ਤੌਰ ਤੇ ਦਾਖਲਾ ਭਰ ਸਕਦੀ ਹੈ। ਇਸ ਤੋਂ ਬਿਨਾਂ ਇੱਕ ਹੋਰ ਕਾਨੂੰਨ ਹੈ ਜਿਸ ਅਨੁਸਾਰ

ਇਸ ਨਾਲ ਸੰਬੰਧਿਤ ਸਕੂਲ ਛੇਵੀਂ ਜਮਾਤ ਤੋਂ ਬਾਅਦ ਲੜਕੀ ਜੋ ਆਪਣੇ ਮਾਂ-ਬਾਪ ਦੇ ਘਰ ਸਿਰਫ ਇੱਕੋ ਇੱਕ ਲੜਕੀ ਹੀ ਹੈ ਦੀ ਸਾਰੀ ਫੀਸ (ਟਿਊਸ਼ਨ ਫੀਸ ਅਤੇ ਕੋਈ ਵੀ ਫੀਸ ਸਿਰਫ ਆਵਾਜਾਈ ਅਤੇ ਖਾਣਾ ਨੂੰ ਛੱਡਕੇ) ਮੁਆਫ਼ ਕਰਨਗੇ। ਇਸ ਨਾਲ ਇਹ ਗੱਲ ਵੀ ਸ਼ਲਾਘਾਯੋਗ ਹੋਵੇਗੀ, ਜੇਕਰ ਸਕੂਲ ਇਸ ਤਰ੍ਹਾਂ ਦੀਆਂ ਲੜਕੀਆਂ ਜੋ ਆਪਣੇ ਮਾਂ ਬਾਪ ਦੇ ਘਰ ਸਿਰਫ ਦੋ ਹੀ ਬੱਚੇ ਹਨ ਅਤੇ ਦੋਵੇਂ ਲੜਕੀਆਂ ਹੀ ਹਨ, ਉਨ੍ਹਾਂ ਵਿੱਚੋਂ ਇੱਕ ਦੀ 50% ਫੀਸ ਮਾਫ ਕੀਤੀ ਜਾਵੇ। ਇਸ ਤੋਂ ਬਿਨਾਂ ਸਕੂਲ ਆਪਣੇ ਤੌਰ ਤੇ ਆਵਾਜਾਈ ਅਤੇ ਖਾਣੇ ਦਾ ਖਰਚਾ ਵੀ ਮੁਆਫ਼ ਕਰ ਸਕਦੇ ਹਨ।

(ੲ) ਸਮਾਜ ਦੇ ਪਤਵੰਤੇ ਲੋਕ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਹੋਣ।

(ਸ) ਮੀਡੀਆ ਜਾਂ ਇਸ਼ਤਿਹਾਰਾਂ ਵਿੱਚ ਲੜਕੀਆਂ ਅਤੇ ਔਰਤਾਂ ਨੂੰ ਘਟੀਆਂ ਕਰਕੇ ਦਿਖਾਉਣਾ ਅਤੇ ਉਨ੍ਹਾਂ ਦਾ ਸ਼ੋਸ਼ਣ ਕਰਨਾ ਇਹ ਬਿਲਕੁਲ ਖਤਮ ਹੋਣਾ ਚਾਹੀਦਾ ਹੈ।

(ਹ) ਔਰਤਾਂ ਨੂੰ ਪੜ੍ਹਾਉਣਾ ਅਤੇ ਸਮੇਂ-ਸਮੇਂ ਸਿਰ ਪੈਸਾ ਕਮਾਉਣ ਬਾਰੇ ਸਿੱਖਿਅਤ ਕਰਨਾ।

(ਕ) ਔਰਤਾਂ ਨੂੰ ਅਨਾਜ ਦੀ ਸੁਰੱਖਿਆ ਅਤੇ ਪੈਸੇ ਕਮਾਉਣ ਦੀ ਜ਼ਿੰਮੇਵਾਰੀ ਬਾਰੇ ਉਤਸ਼ਾਹਿਤ ਕਰਨਾ।

(ਖ) ਮਾਵਾਂ ਨੂੰ ਸਿੱਖਿਆ ਦਿੱਤੀ ਜਾਵੇ ਕਿ ਹੋਰ ਲੜਕੀਆਂ ਅਤੇ ਹੋਰਾਂ ਨੂੰ ਪੜ੍ਹਾਉਣ ਲਈ ਸਿਰਫ ਵਿੱਦਿਅਕ ਅਦਾਰੇ ਨਾਲ ਸੰਬੰਧਿਤ ਸਿੱਖਿਆ ਹੀ ਨਹੀਂ ਬਲਕਿ ਸਿਹਤਵੰਦ ਹੋਣ ਦੀ ਵੀ ਸਿੱਖਿਆ ਦਿੱਤੀ ਜਾਵੇ।

**1.2.7 ਸੰਖੇਪ**

ਤਰੱਕੀ ਹੋਣ ਦੇ ਬਾਵਜੂਦ ਵੀ ਲੜਕੀਆਂ ਅਤੇ ਔਰਤਾਂ ਨਾਲ ਪੜ੍ਹਾਈ ਦੇ ਮਾਮਲੇ ਵਿੱਚ ਭੇਦ-ਭਾਵ ਜਾਰੀ ਹੈ। ਵਿਸ਼ਵ ਵਿੱਚ 57 ਮਿਲੀਅਨ ਬੱਚੇ ਹਨ ਜਿਨ੍ਹਾਂ ਵਿੱਚ 31 ਮਿਲੀਅਨ ਲੜਕੀਆਂ ਹਨ ਜਿਹੜੀਆਂ ਸਕੂਲ ਤੋਂ ਬਾਹਰ ਹਨ। ਇਸ ਅਨਪੜ੍ਹ ਆਬਾਦੀ ਦਾ ਦੋ ਤਿਹਾਈ ਹਿੱਸਾ (⅔ ਹਿੱਸਾ) ਔਰਤਾਂ ਹਨ। ਵਿਕਾਸਸ਼ੀਲ ਮੁਲਕਾਂ ਵਿੱਚ ਜੁਆਨ ਲੜਕੀਆਂ ਸੈਕੰਡਰੀ ਸਕੂਲ ਦੀ ਪੜ੍ਹਾਈ ਲਿਖਾਈ ਲੜਕਿਆਂ ਦੇ ਮੁਕਾਬਲੇ ਜ਼ਿਆਦਾ ਛੱਡ ਜਾਂਦੀਆਂ ਹਨ, ਖਾਸ ਕਰਕੇ ਪੇਂਡੂ ਇਲਾਕਿਆਂ ਵਿੱਚ। ਪੱਛੜੇ ਵਰਗ, ਘੱਟ ਗਿਣਤੀ ਅਤੇ ਵਿਸ਼ੇਸ਼ ਜ਼ਰੂਰਤਾਂ ਵਾਲੇ ਬੱਚਿਆਂ ਨਾਲ ਅਕਸਰ ਭੇਦ-ਭਾਵ ਹੁੰਦਾ ਹੈ ਅਤੇ ਉਹ ਪੜ੍ਹਾਈ ਤੋਂ ਵਾਂਝੇ ਰਹਿ ਜਾਂਦੇ ਹਨ।

ਵਿਕਾਸਸ਼ੀਲ ਮੁਲਕਾਂ ਵਿੱਚ ਬੱਚਿਆਂ ਦਾ ਮੁੱਢਲੀ ਸਿੱਖਿਆ ਵਿੱਚ ਦਾਖਲਾ ਜਾਰੀ ਰਿਹਾ ਹੈ। ਪਰ ਤਰੱਕੀ ਦੀ ਰਫਤਾਰ ਐਨੀ ਨਹੀਂ, ਜੋ ਕਿ ਇਹ ਯਕੀਨੀ ਬਣਾਵੇ ਕਿ 2015 ਤੱਕ ਸਾਰੇ ਲੜਕੇ ਅਤੇ ਲੜਕੀਆਂ ਦੀ ਮੁੱਢਲੀ ਸਿੱਖਿਆ ਮੁਕੰਮਲ ਹੋ ਜਾਵੇ। ਭਾਵੇਂ ਅਫਰੀਕਾ ਦੇ ਸਬ-ਸਾਧਾਰਨ ਵਿੱਚ ਦਾਖਲੇ ਘੱਟ ਹੋਏ ਹਨ ਪਰ ਫਿਰ ਵੀ ਪਹਿਲਾਂ ਨਾਲੋਂ ਜ਼ਿਆਦਾ ਹਨ। ਦੱਖਣੀ ਏਸ਼ੀਆ ਅਤੇ ਉੱਤਰੀ ਅਫਰੀਕਾ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਜ਼ਿਆਦਾ ਕਰਕੇ ਫਾਇਦਾ ਗਰੀਬ ਮੁਲਕਾਂ ਨੂੰ ਹੋਇਆ ਹੈ ਜਿਨ੍ਹਾਂ ਵਿੱਚ ਸਬ-ਸਾਧਾਰਨ ਅਫਰੀਕਾ ਦੇ ਹਿੱਸੇ ਵੀ ਸ਼ਾਮਿਲ ਹਨ।

ਸਰਕਾਰ ਨੇ ਜੋ ਨਿਯਮ ਬਣਾਏ ਹਨ ਜਿਸ ਮੁਤਾਬਿਕ ਵਧੀਆ ਕਿਸਮ ਦੀ ਸਿੱਖਿਆ ਮੁਫ਼ਤ ਅਤੇ ਜ਼ਰੂਰੀ ਕੀਤੀ ਗਈ ਹੈ, ਜੋ ਕਿ ਨੌਕਰੀ ਲੈਣ ਦੀ ਉਮਰ ਤੱਕ ਹੋਣੀ ਚਾਹੀਦੀ ਹੈ ਅਤੇ ਬਾਲ ਮਜ਼ਦੂਰੀ ਦੀ ਸਮੱਸਿਆ ਨੂੰ ਹੱਲ ਕਰ ਸਕਦੀ ਹੈ। ਪੜ੍ਹਾਈ ਉੱਤੇ ਅਸਿੱਧਾ ਖਰਚਾ ਘਟਾਉਣ ਨਾਲ ਜਿਵੇਂ ਕਿ ਵਰਦੀ, ਕਿਤਾਬਾਂ, ਆਵਾਜਾਈ, ਖਾਣਾ ਵਗੈਰਾ ਹੈ, ਇਸ ਨਾਲ ਵੀ ਗਰੀਬਾਂ ਉੱਤੇ ਬੋਝ ਘਟੇਗਾ ਅਤੇ ਉਹ ਆਪਣੇ ਬੱਚੇ ਸਕੂਲ ਭੇਜ ਸਕਣਗੇ। ਲੜਕੀਆਂ ਦੀ ਸਿੱਖਿਆ ਵਿੱਚ ਸ਼ਮੂਲੀਅਤ ਲਈ ਖਾਸ ਰੁਕਾਵਟਾਂ ਹਨ ਜਿਵੇਂ ਰੂੜ੍ਹੀਵਾਦੀ ਵਿਚਾਰ, ਅਸੁਰੱਖਿਆ ਅਤੇ ਕਈ ਤਰ੍ਹਾਂ ਦੇ ਭੇਦ-ਭਾਵ, ਜਿਨ੍ਹਾਂ ਦਾ ਲੜਕੀਆਂ ਨੂੰ ਸਾਹਮਣਾ ਕਰਨਾ ਪੈਂਦਾ ਹੈ। ਇਸ ਤਰ੍ਹਾਂ ਦੀਆਂ ਰੁਕਾਵਟਾਂ ਦਾ ਕੌਮੀ ਅਤੇ ਸਥਾਨਕ ਪੱਧਰ ਤੇ ਅਧਿਐਨ ਕਰਕੇ ਉਨ੍ਹਾਂ ਦੇ ਲੋੜੀਂਦੇ ਹੱਲ ਲਭਕੇ ਰੁਕਾਵਟਾਂ ਦੂਰ ਕਰਨੀਆਂ ਚਾਹੀਦੀਆਂ ਹਨ ।

ਇਸ ਲਈ ਇਹ ਜ਼ਰੂਰੀ ਹੈ ਕਿ ਸਰਕਾਰ ਅਤੇ ਹੋਰ ਸੰਸਥਾਵਾਂ ਇਸ ਵਿੱਦਿਆ ਦੀ ਘਾਟ ਨੂੰ ਪੂਰਾ ਕਰਨ ਲਈ ਮੱਦਦ ਕਰਨ ਤਾਂ ਜੋ ਲੋਕ ਹੋਰਾਂ ਨੂੰ ਵੀ ਲੜਕੀਆਂ ਦੀ ਸਿੱਖਿਆ ਬਾਰੇ ਪ੍ਰੇਰਿਤ ਕਰਨ। ਲੜਕੀਆਂ ਦੀ ਸਿੱਖਿਆ ਨੂੰ ਪਹਿਲ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਉਹ ਦੇਸ਼ ਦੀ ਤਰੱਕੀ ਲਈ ਆਪਣਾ ਵਡਮੁੱਲਾ ਯੋਗਦਾਨ ਦੇ ਸਕਣ।

### 1.2.8 ਸੁਝਾਏ ਗਏ ਪ੍ਰਸ਼ਨ

(ੳ) ਲੜਕੀ ਨੂੰ ਪੜ੍ਹਾਉਣ ਦੀ ਕੀ ਜ਼ਰੂਰਤ ਹੈ?

(ਅ) ਲੜਕੀਆਂ ਦੀ ਪੜ੍ਹਾਈ ਨੂੰ ਉਤਸ਼ਾਹਿਤ ਕਰਨ ਵਾਸਤੇ ਸਕੂਲਾਂ ਵਿੱਚ ਕੀ–ਕੀ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ?

(ੲ) ਲੜਕੀਆਂ ਦੀ ਸਿੱਖਿਆ ਦੇ ਸੁਧਾਰ ਲਈ ਕੁਝ ਸੁਝਾਅ ਪੇਸ਼ ਕਰੋ।

(ਸ) ਲੜਕੀਆਂ ਨੂੰ ਸਿੱਖਿਆ ਦੇਣ ਲਈ ਯੋਜਨਾਵਾਂ ਅਤੇ ਵਿਉਂਤਾਂ ਉੱਤੇ ਚਰਚਾ ਕਰੋ।

(ਹ) ਸਕੂਲ ਵਿੱਚ ਸਿੱਖਿਆ ਪ੍ਰਾਪਤ ਕਰਨ ਲਈ ਲੜਕੀ ਦੇ ਰਾਹ ਵਿੱਚ ਕਿਹੜੀਆਂ ਰੁਕਾਵਟਾਂ ਹਨ?

### 1.2.9 ਪੜ੍ਹਨ ਲਈ ਸੁਝਾਵ :

1. ਮਿਸ਼ਰਾ, ਆਰ. ਸੀ. (2005), ਵੂਮੈਨ ਐਜੂਕੇਸ਼ਨ, ਆਰਟ ਪਬਲੀਸ਼ਿੰਗ ਕਾਰਪੋਰੇਸ਼ਨ, ਨਵੀਂ ਦਿੱਲੀ।
2. ਦੁਆ, ਰਾਧਾ (2004), ਵੂਮੈਨ ਐਜੂਕੇਸ਼ਨ ਇਸ਼ੂਜ਼ ਐਂਡ ਕਨਸਰਨਜ਼, ਆਰਟ ਪਬਲੀਸ਼ਿੰਗ ਕਾਰਪੋਰੇਸ਼ਨ, ਨਵੀਂ ਦਿੱਲੀ।
3. www.en.wikipedia.org/
4. www.unicef .org/
5. www.care.org/

**ਪਾਠ ਨੰ: 1.3**

## ਇਸਤਰੀ ਸਿੱਖਿਆ ਦੇ ਸਮਾਜਕ-ਮਨੋਵਿਗਿਆਨਕ ਤੱਤ

**ਢਾਂਚਾ**

1.3.1 ਮੰਤਵ
1.3.2 ਭੂਮਿਕਾ
1.3.3 ਇਸਤਰੀ ਸਿੱਖਿਆ ਦੀ ਮਹੱਤਤਾ
1.3.4 ਸਿੱਖਿਆ ਇੱਕ ਔਰਤ ਸ਼ਕਤੀ ਵੱਜੋ
1.3.5 ਭਾਰਤ ਵਿੱਚ ਇਸਤਰੀ ਸਿੱਖਿਆ ਦੇ ਤੱਤ
1.3.6 ਇਸਤਰੀ ਸਿੱਖਿਆ ਦੇ ਸਮਾਜਿਕ ਮਨੋਵਿਗਿਆਨ ਤੱਤ
    1.3.6.1 ਮਾਪਿਆਂ ਦਾ ਵਿਵਹਾਰ :
    1.3.6.2 ਸਮਾਜਿਕ ਵਿਤਕਰਾ :
    1.3.6.3 ਕੁੜੀਆਂ ਦੀ ਸੋਚ ਨੂੰ ਤਰਜੀਹ ਨਾ ਦੇਣਾ :
    1.3.6.4 ਸੁੱਰਖਿਅਤ ਤੇ ਮਹਿਫੂਜ ਵਾਤਾਵਰਨ
    1.3.6.5 ਸਿੱਖਿਆ ਦਾ ਰੋਜ਼ਾਨਾ ਜ਼ਿੰਦਗੀ ਨਾਲ ਸੰਬੰਧ
1.3.7 ਇਸਤਰੀ ਸਿੱਖਿਆ ਨੂੰ ਵਧਾਉਣ ਦੇ ਪੈਮਾਨੇ
1.3.8 ਸਾਰ
1.3.9 ਸ਼ਬਦਾਵਲੀ
1.3.10 ਸਵੈ ਪੜਤਾਲ ਅਭਿਆਸ
1.3.11 ਪ੍ਰਸਤਾਵਿਤ ਸਵਾਲ
1.3.12 ਪ੍ਰਸਤਾਵਿਤ ਅਧਿਐਨ

### 1.3.1 ਮੰਤਵ :

ਇਹ ਪਾਠ ਪੜ੍ਹਣ ਤੋਂ ਬਾਅਦ ਵਿਦਿਆਰਥੀ ਜਾਣਨਯੋਗ ਹੋ ਜਾਣਗੇ ਕਿ :

1. ਇਸਤਰੀ ਸਿੱਖਿਆ ਦੀ ਕੀ ਮਹੱਤਤਾ ਹੈ।
2. ਭਾਰਤ ਵਿੱਚ ਇਸਤਰੀ ਸਿੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਕਿਹੜੇ ਕਿਹੜੇ ਤੱਤ ਹਨ।
3. ਭਾਰਤ ਵਿੱਚ ਇਸਤਰੀ ਸਿੱਖਿਆ ਨੂੰ ਵਧਾਉਣ ਦੇ ਕਿਹੜੇ ਪੈਮਾਨੇ ਹਨ।

### 1.3.2 ਭੂਮਿਕਾ :

19ਵੀਂ ਸਦੀ ਤੋਂ ਬਾਅਦ ਭਾਰਤ ਵਿੱਚ ਸਿੱਖਿਅਕ ਸਹੂਲਤਾਂ ਵਿੱਚ ਵਾਧਾ ਅਤੇ ਔਰਤਾਂ ਨੂੰ ਪੜ੍ਹਨ ਦੇ ਵੱਧ ਮੌਕੇ ਅਤੇ ਪਰੰਪਰਾਗਤ ਬੰਦੀਸ਼ਾ ਦੇ ਹੱਟਣ ਨਾਲ ਔਰਤ ਸਿੱਖਿਆ ਦੇ ਹੀਮਾਇਤੀਆਂ ਨੇ ਸਿੱਖਿਆ ਦੇ ਅੱਲਗ-ਅੱਲਗ ਖੇਤਰ ਅਤੇ ਪੜਾਵਾਂ ਵਿੱਚ ਔਰਤਾਂ ਦੀ ਸਮੂਲੀਅਤ ਦੀ ਪੈਰਵੀ ਕੀਤੀ। ਹਾਲਾਂਕਿ, 19ਵੀਂ ਸਦੀ ਦੇ ਭਾਰਤੀ ਸਮਾਜ ਸੁਧਾਰਕ ਔਰਤਾਂ ਨੂੰ ਪੜ੍ਹਾਉਣ ਦੇ ਪੱਖ ਵਿੱਚ ਇਸ ਲਈ ਸਨ ਤਾਂ ਕੀ ਔਰਤਾਂ ਇਕ ਚੰਗੀ

ਮਾਂ ਅਤੇ ਪਤਨੀ ਦਾ ਕਿਰਦਾਰ ਚੰਗੀ ਤਰ੍ਹਾਂ ਨਿਭਾ ਸਕਣ ਤੇ ਦੇਸ਼ ਦੀ ਉੱਨਤੀ ਵਿਚ ਯੋਗਦਾਨ ਪਾਉਣ। ਆਜਾਦੀ ਤੋਂ ਬਾਅਦ, ਸੰਵਿਧਾਨ ਨੇ ਔਰਤਾਂ ਨੂੰ ਪੁਰਸ਼ਾਂ ਦੇ ਬਰਾਬਰ ਦਾ ਅਧਿਕਾਰ ਦਿੱਤਾ, ਇਸਦੇ ਨਾਲ ਹੀ ਪਰੰਪਰਾਵਾਦੀ ਸੋਚ ਭਾਰਤ ਵਿਚ ਬਦਲਣੀ ਸ਼ੁਰੂ ਹੋਈ ਅਤੇ ਔਰਤਾਂ ਨੂੰ ਬਹੁਪੱਖੀ ਭੂਮਿਕਾਵਾਂ ਆਪਣੇ ਜੀਵਨ ਵਿਚ ਨਿਭਾਉਣ ਦਾ ਮੌਕਾ ਮਿਲਣਾ ਸ਼ੁਰੂ ਹੋਇਆ, ਜਿਵੇ ਕਿ ਰਾਜਨੀਤੀ, ਆਰਥਿਕ ਵਿਵਸਥਾ ਅਤੇ ਸਮਾਜਿਕ ਕਾਰਜਾਂ ਵਿਚ ਔਰਤਾਂ ਦੀ ਭਾਗੀਦਾਰੀ ਵਧੀ। ਇਸਦੇ ਨਾਲ ਹੀ ਔਰਤਾਂ ਦਾ ਸਿੱਖਿਅਕ ਤੌਰ ਤੇ ਵੀ ਵਿਕਾਸ ਸ਼ੁਰੂ ਹੋ ਗਿਆ। ਇਹ ਇਸ ਗੱਲ ਤੋਂ ਵੀ ਪ੍ਰਮਾਣਿਤ ਹੁੰਦਾ ਹੈ ਕਿ ਆਜਾਦੀ ਤੋਂ ਬਾਅਦ ਭਾਰਤ ਸਰਕਾਰ ਦੀਆਂ ਅੱਲਗ–ਅੱਲਗ ਯੋਜਨਾਵਾਂ, ਵੱਖ–ਵੱਖ ਕਮੇਟੀਆਂ ਦੀਆਂ ਰਿਪੋਰਟਾਂ ਅਤੇ ਕਈ ਤਰ੍ਹਾਂ ਦੇ ਕਮੀਸ਼ਨ ਔਰਤ ਸਿੱਖਿਆ ਨੂੰ ਲੈ ਕੇ ਵਿਚਾਰ ਕਰਦੇ ਦਿਖੇ।

### 1.3.3 ਇਸਤਰੀ ਸਿੱਖਿਆ ਦੀ ਮਹੱਤਤਾ

ਇੱਕ ਔਰਤ ਆਪਣੀ ਜ਼ਿੰਦਗੀ ਵਿੱਚ ਬਹੁਤ ਹੀ ਰੋਲ ਨਿਭਾਉਂਦੀ ਹੈ ਜਿਵੇਂ ਪਤਨੀ, ਭੈਣ, ਮਾਂ, ਪੁੱਤਰੀ, ਮਜਦੂਰ, ਨਾਗਰਿਕ, ਨੇਤਾ। ਉਨਵੀਂ ਅਤੇ ਵੀਹਵੀਂ ਸਦੀ ਵਿੱਚ ਕਈ ਅੰਦੋਲਨ ਜਿਵੇਂ ਸਤੀ ਪ੍ਰਥਾ, ਹਿੰਸਾ, ਬੇਰੁਜਗਾਰੀ ਅਤੇ ਬਾਲ ਵਿਵਾਹ ਵੇਖਣ ਨੂੰ ਮਿਲੇ।

ਪਰ ਹੁਣ ਸਮਾਂ ਬਦਲ ਚੁੱਕਾ ਹੈ। ਭਾਰਤ ਦੀ ਸਰਕਾਰ ਨੇ ਸਾਲ 2001 ਨੂੰ ਇਸਤਰੀ ਸ਼ਕਤੀ ਨੂੰ ਸਮਰਪਿਤ ਸਾਲ ਘੋਸ਼ਿਤ ਕੀਤਾ ਗਿਆ ਅਤੇ ਇਸਤਰੀ ਸ਼ਕਤੀ ਲਈ ਨੈਸ਼ਨਲ ਪਾਲਿਸੀ ਬਣਾਈ ਗਈ ਜਿਸ ਦੇ ਅਨੁਸਾਰ ਇਸਤਰੀਆਂ ਮਰਦਾਂ ਦੇ ਬਰਾਬਰ ਹਨ। ਭਾਰਤ ਦੇ ਪ੍ਰਸਤਾਵਨਾ, ਮੌਲਿਕ ਅਧਿਕਾਰ, ਮੌਲਿਕ ਕਰਤੱਵ ਅਤੇ ਨਿਰਦੇਸ਼ਨ ਸਿਧਾਂਤ ਵਿੱਚ ਵੀ ਲਿੰਗ ਸਮਾਨਤਾ ਦਾ ਸਿਧਾਂਤ ਆਉਂਦਾ ਹੈ। ਸੰਵਿਧਾਨ ਵਿੱਚ ਨਾ ਸਿਰਫ ਔਰਤ ਅਧਿਕਾਰ ਦੀ ਗੱਲ ਕੀਤੀ ਗਈ ਹੈ ਸਗੋਂ ਰਾਜ ਸਰਕਾਰਾਂ ਨੂੰ ਵੀ ਅਧਿਕਾਰ ਦਿੱਤੇ ਗਏ ਹਨ ਕਿ ਉਹ ਇਸਤਰੀ ਦੇ ਹੱਕ ਵਿੱਚ ਸਾਕਾਰਤਮਕ ਕਦਮ ਚੁੱਕ ਸਕਣ।

ਔਰਤ ਦੀ ਸਿੱਖਿਆ ਨਾ ਕੇਵਲ ਇੱਕ ਮਨੁੱਖੀ ਅਧਿਕਾਰ ਹੈ ਸਗੋਂ ਇਹ ਵਿਅਕਤੀਗਤ, ਸਮਾਜਿਕ, ਆਰਥਿਕ ਤੇ ਹੋਰ ਜੀਵਨ ਦੇ ਪੱਖਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਸਿੱਖਿਆ ਨੂੰ ਲਿੰਗ ਸਮਾਨਤਾ ਨੂੰ ਵਧਾਉਣ ਦਾ ਇੱਕ ਸਾਧਨ ਮੰਨਿਆ ਜਾਂਦਾ ਹੈ। ਜੋ ਕਿ ਸਿੱਧੇ (ਪੜ੍ਹੀ ਲਿਖੀ ਔਰਤਾਂ ਦੀ ਗਿਣਤੀ ਵੱਧ ਜਾਂਦੀ ਹੈ ਤੇ ਅਸਿੱਧੇ ਤੌਰ ਤੇ ਸਮਾਜ ਵਿੱਚ ਸਿਹਤ, ਪੋਸ਼ਣ ਅਤੇ ਹੋਰ ਬੁਨਿਆਦਿ ਜਰੂਰਤਾਂ) ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ।

### 1.3.4 ਸਿੱਖਿਆ ਇੱਕ ਔਰਤ ਸ਼ਕਤੀ ਵਜੋਂ

ਸਿੱਖਿਆ ਔਰਤਾਂ ਨੂੰ ਅਧਿਕਾਰ ਦੇਣ ਦਾ ਇੱਕ ਵਧੀਆ ਜਰੀਆ ਹੈ, ਇਸ ਦੇ ਨਾਲ ਹੀ ਇੱਕ ਮੱਨੁਖੀ ਅਧਿਕਾਰ ਵੀ ਹੈ। ਪੜ੍ਹੀਆਂ–ਲਿਖੀਆਂ ਕੁੜੀਆਂ ਵਧੀਆ ਤਰੀਕੇ ਨਾਲ ਜੀਵਨ ਬਤੀਤ ਕਰਦੀਆਂ ਹਨ। ਸਿੱਖਿਆ ਇਸਤਰੀ ਨੂੰ ਸ਼ਕਤੀ ਦਿੰਦੀ ਹੈ ਜਿਸ ਕਰਕੇ ਉਹ ਅੰਦਰੂਨੀ ਤੇ ਬਾਹਰੀ ਤੌਰ ਤੇ ਵਿਚਰਨ ਦੇ ਕਾਬਿਲ ਬਣਦੀ ਹੈ। ਇਸਤਰੀ ਦੀ ਸਿੱਖਿਆ ਵਿੱਚ ਨਿਵੇਸ਼ ਕਰਨ ਨਾਲ ਉਹਨਾਂ ਦੇ ਸਿੱਖਿਆ ਸ੍ਰੋਤ ਦੇ ਨਾਲ–ਨਾਲ ਆਮਦਨ ਵਧਾਉਣ ਵਾਲੀਆਂ ਗਤੀਵਿਧੀਆਂ ਵੀ ਵਧਦੀਆਂ ਹਨ। ਜਿਸ ਨਾਲ ਇਸਤਰੀ ਦੀ ਆਰਥਿਕ ਹਾਲਤ ਮਜਬੂਤ ਹੁੰਦੀ ਹੈ। ਸਿੱਖਿਆ ਇਸਤਰੀ ਦੀ ਸ਼ਕਤੀ ਵਿੱਚ ਬਹੁਤ ਅਹਿਮ ਰੋਲ ਅਦਾ ਕਰਦੀ ਹੈ। ਇਸ ਨਾਲ ਉਹਨਾਂ ਦੇ ਪੈਸੇ ਵਧਾਉਣ ਦੇ ਮੌਕੇ ਵਧਦੇ ਹਨ ਅਤੇ ਉਹਨਾਂ ਅੰਦਰ ਫੈਸਲੈ ਲੈਣ ਦੀ ਸ਼ਕਤੀ ਆ ਜਾਂਦੀ ਹੈ। ਕਈ ਖੋਜ ਕਰਤਾਵਾਂ ਅਨੁਸਾਰ ਸਮਾਜਿਕ ਸੰਸਥਾਵਾਂ ਔਰਤ ਦੀ ਏਕਾ ਅਧਿਕਾਰ ਭਾਵਨਾ ਜਾਗਰੂਕ ਕਰਨ ਵਿੱਚ ਸਹਾਇਕ ਹਨ। ਇਹ ਸੰਸਥਾਵਾਂ ਵਿਆਪਕ ਅਤੇ ਸਿੱਧੇ ਤੌਰ ਤੇ ਇਸਤਰੀਆਂ ਦੀ ਸ਼ਕਤੀ ਵਿੱਚ ਵਾਧਾ ਕਰਦੇ ਹਨ। ਇਹਨਾਂ ਤਰੀਕਿਆਂ ਵਿੱਚ ਔਰਤ ਨੂੰ ਲਿੰਗ ਜਾਗਰੂਕਤਾ ਸਮਾਜਿਕ ਸੇਵਾ ਸਾਧਨਾ ਅਤੇ ਸਮਾਜਿਕ ਸੇਵਾਵਾਂ ਦੀ ਸਹੀ ਤਰੀਕੇ ਨਾਲ ਵਰਤੋਂ ਅਤੇ ਪਰੰਪਰਾਗਤ ਨਿਯਮਾਂ ਅਨੁਸਾਰ ਚੱਲਣਾ ਅਤੇ ਜੀਵਨ ਜਾਂਚ ਸਿਖਾਈ ਜਾਂਦੀ ਹੈ।

ਸਿੱਖਿਆ ਦੀ ਗੁਣਵਤਾ ਉਨੀ ਹੀ ਮਹੱਤਵਪੂਰਨ ਹੈ ਜਿਨ੍ਹਾਂ ਕਿ ਸਿੱਖਿਆ ਪ੍ਰਾਪਤ ਕਰਨਾ। ਜੇਕਰ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਘੱਟ ਗੁਣਵੱਤਾ ਦੀ ਸਿੱਖਿਆ ਮਿਲਦੀ ਹੈ ਤਾਂ ਉਹ ਕਦੇ ਵੀ ਮਰਦਾਂ ਦੇ ਬਰਾਬਰ ਜਾਂ ਮਰਦਾਂ ਨਾਲੋਂ ਵਧੀਆ ਰੁਜਗਾਰ ਪ੍ਰਾਪਤ ਨਹੀਂ ਕਰ ਸਕਦੀਆਂ। ਉਦਾਹਰਨ ਵਜੋਂ ਜੇਕਰ ਔਰਤਾਂ ਆਪਣੀ ਸਿੱਖਿਆ ਵਿੱਚ ਤਕਨੀਕੀ ਸਿੱਖਿਆ ਦਾ ਗਿਆਨ ਪ੍ਰਾਪਤ ਨਹੀਂ ਕਰਦੀਆਂ ਤਾਂ ਉਹਨਾਂ ਨੂੰ ਵਧੀਆ ਰੁਜਗਾਰ ਦੇ ਮੌਕੇ ਨਹੀਂ ਮਿਲਣਗੇ। ਔਰਤਾਂ ਨੂੰ ਅਜੋਕੇ ਵਿਵਸਾਇਕ ਧੰਦਿਆਂ ਵਿੱਚ ਚਮਕਣ ਲਈ ਹੁਨਰ ਸਿਖਾਉਣੇ ਜਰੂਰੀ ਹਨ ਜੋ ਕਿ ਵਧੀਆ ਗੁਣਵਤਾ ਦੀ ਸਿੱਖਿਆ ਨਾਲ ਹੀ ਸੰਭਵ ਹੈ।

### 1.3.5 ਭਾਰਤ ਵਿੱਚ ਇਸਤਰੀ ਸਿੱਖਿਆ ਦੇ ਤੱਤ

ਭਾਰਤ ਵਿੱਚ ਇਸਤਰੀਆਂ ਦੀ ਸਿੱਖਿਆ ਤੱਕ ਪਹੁੰਚ ਅੱਜ ਵੀ ਸਮੱਸਿਆ ਦਾ ਇੱਕ ਵਿਸ਼ਾ ਹੈ। ਇਸਤਰੀਆਂ ਦੀ ਸਿੱਖਿਆ ਵਿੱਚ ਸੁਧਾਰ ਕਰਨ ਦੇ ਤਿੰਨ ਮੁੱਖ ਕਾਰਨ ਇਹ ਹਨ: ਪਹਿਲਾ ਇਹ ਕਿ ਇਸਤਰੀ ਸਿੱਖਿਆ ਤੋਂ ਸਮਾਜ ਨੂੰ ਪ੍ਰਾਪਤ ਹੋਣ ਵਾਲਾ ਮੁਨਾਫਾ ਪੁਰਸ਼ ਸਿੱਖਿਆ ਤੋਂ ਪ੍ਰਾਪਤ ਹੋਣ ਵਾਲੇ ਮੁਨਾਫੇ ਤੋਂ ਵੱਧ ਹੈ। ਦੂਜਾ ਕਾਰਨ ਇਹ ਹੈ ਕਿ ਇਸਤਰੀ ਸਿੱਖਿਆ ਨਾਲ ਸਮਾਜ ਦੇ ਹੋਰ ਵੀ ਬਹੁਤ ਸਾਰੇ ਪੱਖਾਂ ਜਿਵੇਂ ਸਿਹਤ, ਪੌਸ਼ਟਿਕਤਾ, ਜਨਸੰਖਿਆ ਨਿੰਯਤਰਣ ਅਤੇ ਬੱਚਿਆਂ ਦੀ ਪੜ੍ਹਾਈ ਆਦਿ ਉੱਤੇ ਸਕਾਰਾਤਮਕ ਪ੍ਰਭਾਵ ਪੈਂਦਾ ਹੈ। ਤੀਸਰਾ ਕਾਰਨ ਇਹ ਹੈ ਕਿ ਸਮਾਜ ਵਿੱਚ ਲਿੰਗ ਵਿਤਕਰਾ ਖਤਮ ਹੁੰਦਾ ਹੈ।

ਭਾਰਤ ਵਿੱਚ ਇਸਤਰੀ ਸਿੱਖਿਆ ਇੱਕ ਬਹੁਤ ਹੀ ਮੁਸ਼ਕਿਲ ਕੰਮ ਹੈ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕਈ ਸਦੀਆਂ ਤੋਂ ਹੀ ਭਾਰਤ ਵਿੱਚ ਲਿੰਗ ਅਧਾਰਿਤ ਵਿਤਕਰਾ ਚੱਲਿਆ ਆ ਰਿਹਾ ਹੈ। ਇਸਤਰੀਆਂ ਦੀ ਦੇਸ਼ ਦੀ ਆਬਾਦੀ ਵਿੱਚ 52 ਪ੍ਰਤੀਸ਼ਤ ਹਿੱਸਾ ਹੁੰਦੇ ਹੋਏ ਵੀ ਉਹਨਾਂ ਦੇ ਰਹਿਣ ਦੇ ਹਾਲਾਤ ਬਹੁਤ ਹੀ ਮਾੜੇ ਹਨ। ਇਸ ਲਈ ਇਸਤਰੀਆਂ ਦੀ ਸਿੱਖਿਆ ਨੂੰ ਮੁੱਢਲੇ ਪੱਧਰ ਤੋਂ ਪਹਿਲ ਦੇਣ ਦੀ ਲੋੜ ਹੈ। ਪਰ ਅਸਲ ਆਂਕੜੇ ਕੁਝ ਹੋਰ ਹੀ ਹਨ। ਇਸਤਰੀ ਸਿੱਖਿਆ ਨਾਲ ਸੰਬੰਧ ਤੱਤ ਇਹ ਹਨ:

1. ਇਸਤਰੀਆਂ ਦੀ ਸਾਖਰਤਾ ਦਰ ਮਰਦਾਂ ਦੇ ਮੁਕਾਬਲੇ ਘੱਟ ਹੈ। ਬਹੁਤ ਘੱਟ ਕੁੜੀਆਂ ਨੂੰ ਹੀ ਸਕੂਲ ਭੇਜਿਆ ਜਾਂਦਾ ਹੈ। ਉਹਨਾਂ ਵਿੱਚੋਂ ਵੀ ਬਹੁਤ ਕੁੜੀਆਂ ਪੜ੍ਹਾਈ ਅੱਧ ਵਿਚਾਲੇ ਛੱਡ ਜਾਂਦੀਆਂ ਹਨ।
2. ਬ੍ਰਿਟਿਸ਼ ਰਾਜ ਤੋਂ ਲੈ ਕੇ 1947 ਦੇ ਗਣਤੰਤਰ ਭਾਰਤ ਬਣਨ ਤੱਕ ਇਸਤਰੀਆਂ ਜੰਨਸੰਖਿਆ ਦਾ ਕੇਵਲ 26 ਪ੍ਰਤੀਸ਼ਤ ਭਾਗ ਹੀ ਸਾਖਰ ਸੀ। ਬਹੁਤ ਕੋਸ਼ਿਸ਼ਾਂ ਨਾਲ 1961-1981 ਤੱਕ ਕੁਝ ਸੁਧਾਰ ਹੋਏ। 2001 ਦੀ ਜਨਗਣਤਾ ਅਨੁਸਾਰ 54 ਪ੍ਰਤੀਸ਼ਤ ਇਸਤਰੀਆਂ ਜਦੋਂਕਿ 2011 ਦੀ ਜਨਗਣਤਾ ਅਨੁਸਾਰ 65.5 ਪ੍ਰਤੀਸ਼ਤ ਇਸਤਰੀਆਂ ਸਾਖਰ ਹਨ। ਪੁਰਸ਼ ਅਤੇ ਇਸਤਰੀ ਦੀ ਸਾਖਰਤਾ ਦਰ ਵਿੱਚ ਅੰਤਰ ਘੱਟ ਰਿਹਾ ਹੈ। ਇਹ ਅੰਤਰ 1981 ਵਿੱਚ 26.6 ਪ੍ਰਤੀਸ਼ਤ ਸੀ ਅਤੇ 2011 ਵਿੱਚ 16.7 ਪ੍ਰਤੀਸ਼ਤ ਰਹਿ ਗਿਆ।
3. ਭਾਰਤ ਵਿਚ ਬਾਲਗ ਸਾਖਰਤਾ ਦਰ 61 ਪ੍ਰਤੀਸ਼ਤ ਅਤੇ ਬਾਲਗ-ਇਸਤਰੀ ਸਾਖਰਤਾ ਦਰ ਸਿਰਫ 45 ਪ੍ਰਤੀਸ਼ਤ ਹੈ।
4. ਸੰਸਾਰ ਬਾਲਗ ਰਿਪੋਰਟ (1996) ਦੇ ਅਨੁਸਾਰ ਸੈਕੰਡਰੀ ਪੱਧਰ ਤੇ 15-19 ਸਾਲ ਦੇ ਉੱਪਰ ਦੀ ਕੁੜੀਆਂ ਦੀ ਸਾਖਰਤਾ ਦਰ 38 ਪ੍ਰਤੀਸ਼ਤ ਹੈ। ਜਦੋਂ ਕਿ ਮੁੰਡਿਆਂ ਦੀ ਸਾਖਰਤਾ ਦਰ 59 ਪ੍ਰਤੀਸ਼ਤ ਹੈ।
5. ਭਾਰਤ ਵਿੱਚ ਯੁਵਾ ਜਨਸੰਖਿਆ ਲੱਗਭਗ 327 ਅਰਬ ਹੈ ਜੋ ਕਿ ਦੇਸ਼ ਦੀ ਆਬਾਦੀ ਦਾ 30 ਪ੍ਰਤੀਸ਼ਤ ਹੈ। ਲੱਗਭਗ 21 ਪ੍ਰਤੀਸ਼ਤ ਆਬਾਦੀ 10-19 ਸਾਲ ਦੀ ਉਮਰ ਦੀ ਹੈ। ਜਿਨ੍ਹਾਂ ਨੂੰ ਅਸੀਂ ਕਿਸ਼ੋਰ ਅਵਸਥਾ ਦਾ ਨਾ ਦਿੰਦੇ ਹਾਂ। ਜਿਆਦਾ ਯੁਵਾ ਜਨਸੰਖਿਆ ਸ਼ਹਿਰਾਂ ਦੀ ਬਜਾਏ ਪਿੰਡਾਂ ਵਿੱਚ ਰਹਿੰਦੀ ਹੈ। ਦੇਸ਼ ਵਿੱਚ ਸਰਵ ਸਿੱਖਿਆ ਅਭਿਆਨ ਮੁਫਤ ਅਤੇ ਲਾਜਮੀ ਐਲਮੈਂਟਰੀ ਸਿੱਖਿਆ ਕਰਨ ਦੇ ਬਾਵਜੂਦ

ਲਗਭਗ 44 ਅਰਬ ਕਿਸ਼ੋਰ ਅਜੇ ਵੀ ਅਸਿੱਖਿਅਤ ਹਨ। 19 ਸਾਲਾਂ ਤੋਂ ਘੱਟ ਉੱਮਰ ਦੀਆਂ ਕੁੜੀਆਂ ਸਾਰੇ ਦੇਸ਼ ਦੀ ਆਬਾਦੀ ਦੇ ਚੌਥੇ ਹਿੱਸੇ ਦੇ ਬਰਾਬਰ ਕਿਸ਼ੋਰ ਅਵਸਥਾ ਦੀਆਂ ਲੜਕੀਆਂ ਅੱਜ ਦੀ ਆਬਾਦੀ ਹਨ। ਇਨ੍ਹਾਂ ਵਿੱਚੋ ਵੱਡਾ ਹਿੱਸਾ ਅਜੇ ਵੀ ਸਕੂਲਾਂ ਤੋਂ ਬਾਹਰ ਹੈ। ਲੜਕੀਆਂ ਬਾਲ ਵਿਆਹ, ਲਗਤਾਰ ਗਰਭ ਧਾਰਨ ਅਤੇ ਗਰੀਬੀ ਦੇ ਚੱਕਰਾਂ ਵਿੱਚ ਫਸ ਜਾਂਦੀਆਂ ਹਨ (ਨੈਸ਼ਨਲ ਫੈਮਲੀ ਹੈਲਥ ਸਰਵੇ 1998-99)।

6. ਵਕਤ ਦੇ ਨਾਲ ਸਾਖਰਤਾ ਵਿੱਚ ਲਿੰਗ ਅਸਮਾਨਤਾ ਘੱਟ ਰਹੀ ਹੈ ਪਰ 15-19 ਸਾਲ ਦੇ ਉਮਰ ਦੇ ਵਿੱਚ ਇਹ ਅਸਮਾਨਤਾ ਹਾਲੇ ਵੀ ਹੈ। ਇਸ ਉਮਰ ਦੇ ਬੱਚਿਆਂ ਵਿੱਚ ਪੜਿਆ ਲਿਖਿਆ ਲੜਕੀਆਂ ਦੀ ਸਾਖਰਤਾ ਦਰ (74 ਪ੍ਰਤੀਸ਼ਤ) ਹੈ। ਜੋ ਕਿ ਮੁੰਡਿਆਂ (89 ਪ੍ਰਤੀਸ਼ਤ) ਦੇ ਮੁਕਾਬਲੇ 15 ਪ੍ਰਤੀਸ਼ਤ ਘੱਟ ਹੈ।
7. 58 ਪ੍ਰਤੀਸ਼ਤ ਮਰਦਾਂ ਦੇ ਮੁਕਾਬਲੇ ਕੇਵਲ 47 ਪ੍ਰਤੀਸ਼ਤ ਇਸਤਰੀਆਂ ਹਨ ਜੋ ਸੈਕੰਡਰੀ ਸਿੱਖਿਆ ਵਿੱਚ ਦਾਖਲ ਹੁੰਦਿਆਂ ਹਨ। ਇਹ ਅੰਤਰ ਪੇਂਡੂ ਇਲਾਕਿਆਂ ਵਿੱਚ ਸਿੱਖਿਆ ਵਿੱਚ ਅਸਮਾਨਤਾ ਦੇ ਕਾਰਨ ਹੈ।
8. ਪੇਂਡੂ ਖੇਤਰਾਂ ਵਿੱਚ ਮਰਦ-ਔਰਤ ਅੰਤਰ ਬਹੁਤ ਜਿਆਦਾ ਪਾਇਆ ਜਾਂਦਾ ਹੈ। ਜਿਥੇ 32 ਪ੍ਰਤੀਸ਼ਤ ਮਰਦ ਅਤੇ 67 ਪ੍ਰਤੀਸ਼ਤ ਔਰਤਾਂ ਅਨਪੜ੍ਹ ਹਨ ਜਦੋਂ ਕਿ ਸ਼ਹਿਰਾਂ ਵਿੱਚ 16 ਪ੍ਰਤੀਸ਼ਤ ਮਰਦ ਅਤੇ 23 ਪ੍ਰਤੀਸ਼ਤ ਔਰਤਾਂ ਅਨਪੜ੍ਹ ਹਨ।
9. ਮਾਨਵ ਵਿਕਾਸ ਦੀ ਰਿਪੋਰਟ 2011 ਅਨੁਸਾਰ ਸੈਕੰਡਰੀ ਪੱਧਰ ਤੇ ਸਿੱਖਿਆ (ਉਮਰ 25 ਜਾਂ ਇਸ ਤੋਂ ਵੱਧ) ਸਿਰਫ 26.6 ਪ੍ਰਤੀਸ਼ਤ ਔਰਤਾਂ ਦੀ ਹੈ ਜਦੋਂ ਕਿ ਮਰਦਾਂ ਦੀ 50.4 ਪ੍ਰਤੀਸ਼ਤ ਹੈ।

ਸਰਵ ਸਿੱਖਿਆ ਅਭਿਆਨ ਵਰਗੇ ਪ੍ਰੋਗਰਾਮਾਂ ਦੇ ਬਾਵਜੂਦ ਵੀ 21.8 ਪ੍ਰਤੀਸ਼ਤ ਕੁੜੀਆਂ (6-17) ਸਕੂਲ ਤੋਂ ਵਾਂਝਿਆ ਪਾਇਆ ਗਈਆਂ ਹਨ। ਉੱਪਰਲੇ ਤੱਤਾਂ ਤੋਂ ਪਤਾ ਲਗਦਾ ਹੈ ਕਿ ਕੁੜੀਆਂ ਤੇ ਇਸਤਰੀਆਂ ਦਾ ਉੱਚ ਸਿੱਖਿਆ ਵੱਲ ਰੁਝਾਨ ਵੱਧ ਰਿਹਾ ਹੈ। ਪਰ ਭਾਰਤ ਨੂੰ 100 ਪ੍ਰਤੀਸ਼ਤ ਔਰਤ ਸਾਖਰਤਾ ਦੀ ਦਰ ਪ੍ਰਾਪਤ ਕਰਨ ਲਈ ਬਹੁਤ ਉਪਰਾਲਿਆਂ ਦੀ ਲੋੜ ਹੈ।

### 1.3.6 ਇਸਤਰੀ ਸਿੱਖਿਆ ਦੇ ਸਮਾਜਿਕ ਮਨੋਵਿਗਿਆਨ ਤੱਤ

ਸ਼ਬਦਕੋਸ਼ ਅਨੁਸਾਰ ਸਮਾਜਿਕ ਮਨੋਵਿਗਿਆਨ ਤੱਤ ਸਮਾਜਿਕ ਅਤੇ ਮਨੋਵਿਗਿਆਨ ਤੱਤਾਂ ਦਾ ਮਿਸ਼ਰਣ ਹੈ। ਸਿੱਖਿਆ ਇਸਤਰੀ ਸ਼ਕਤੀ ਦੇ ਅਧਿਕਾਰਾਂ ਦਾ ਨੀਂਹ ਪੱਥਰ ਹੈ ਕਿਉਂਕਿ ਇਹ ਇਸਤਰੀ ਨੂੰ ਔਕੜਾਂ ਨੂੰ ਚੰਗੀ ਤਰ੍ਹਾਂ ਨਜਿੱਠਣ ਦੇ ਯੋਗ ਬਣਾਉਂਦੀ ਹੈ ਅਤੇ ਉਹਨਾਂ ਦੀ ਪੁਰਾਣੀ ਜਿੰਦਗੀ ਨੂੰ ਬਦਲ ਦੇ ਚੰਗੀ ਦਿਸ਼ਾ ਦਿੰਦੀ ਹੈ। ਇਸ ਕਰਕੇ ਇਸਤਰੀ ਦੀ ਜਿੰਦਗੀ ਵਿੱਚ ਸਿੱਖਿਆ ਦੇ ਮਹੱਤਵ ਨੂੰ ਅਣਦੇਖਾ ਨਹੀਂ ਕਰ ਸਕਦੇ। ਭਾਰਤ ਨੇ 2020 ਤੱਕ ਇਕ ਵਿਕਸਿਤ ਦੇਸ਼ ਬਣਨ ਦਾ ਟੀਚਾ ਮਿਥਿਆ ਹੈ। ਇਸ ਟੀਚੇ ਨੂੰ ਪੂਰਾ ਕਰਨ ਵਿੱਚ ਇਸਤਰੀ ਸਿੱਖਿਆ ਦੀ ਇੱਕ ਮਹੱਤਵਪੂਰਨ ਭੂਮਿਕਾ ਹੋਵੇਗੀ। 2020 ਤੋਂ ਅਸੀ ਸਿਰਫ 5 ਸਾਲਾ ਦੀ ਦੂਰੀ ਤੇ ਹਾਂ। ਇਹ ਅਸਲ ਰੂਪ ਉਦੋਂ ਹੀ ਧਾਰਨ ਕਰੇਗਾ ਜਦੋਂ ਕਿ ਭਾਰਤ ਵਿੱਚ ਇਸਤਰੀ ਦੀ ਦਸ਼ਾ ਵਧੀਆ ਹੋ ਜਾਵੇਗੀ। ਭਾਰਤ ਵਿੱਚ ਅਨਪੜਤਾ ਦਰ ਸਭ ਤੋਂ ਵੱਧ ਹੈ। ਇਸਤਰੀ ਸਿੱਖਿਆ ਦੇ ਰਸਤੇ ਵਿੱਚ ਬਹੁਤ ਸਾਰੀਆਂ ਰੁਕਾਵਟਾਂ ਆ ਰਹੀਆਂ ਹਨ। ਖੋਜਾਂ ਤੋਂ ਪਤਾ ਲੱਗਦਾ ਹੈ ਕਿ ਭਾਰਤ ਵਿੱਚ ਇਸਤਰੀ ਸਿੱਖਿਆ ਦੇ ਉੱਤੇ ਬਹੁਤ ਸਾਰੇ ਤੱਤਾਂ ਦਾ ਪ੍ਰਭਾਵ ਹੈ ਜਿਵੇਂ ਕਿ ਸਮਾਜਿਕ ਸੱਭਿਆਚਾਰਕ, ਸਮਾਜਿਕ, ਆਰਥਿਕ ਅਤੇ ਸਮਾਜਿਕ ਮਨੋਵਿਗਿਆਨਕ। ਭਾਰਤ ਦੇ ਵਿੱਚ ਸਮਾਜਿਕ ਢਾਚੇਂ ਅਤੇ ਸਮਾਜਿਕ ਨਿਯਮ ਲੜਕੀਆਂ ਦੀ ਪੜ੍ਹਾਈ ਲਿਖਾਈ ਤੇ ਸਕੂਲ ਜਾਣ ਤੇ ਖਿਲਾਫ ਹਨ। ਕੁਝ ਸਮਾਨ ਤੱਤ ਅਜਿਹੇ ਹਨ ਜਿਹੜੇ ਔਰਤਾਂ ਨੂੰ ਸਿੱਖਿਆ ਲੈਣ ਤੋਂ ਵੰਚਿਤ ਕਰਦੇ ਹਨ ਇਸ ਪਾਠ ਵਿੱਚ ਅਸੀਂ ਔਰਤ ਸਿੱਖਿਆ ਦੇ ਸਮਾਜਿਕ ਅਤੇ ਮਨੋਵਿਗਿਆਨ ਤੱਤਾਂ ਨੂੰ ਵਿਸਥਾਰ ਵਿੱਚ ਜਾਣਾਗੇ। ਡਿਕਸ਼ਨਰੀ ਦੇ ਅਨੁਸਾਰ ਸਮਾਜਿਕ ਮਾਨਸਿਕ ਤੱਤ ਸਮਾਜ ਅਤੇ ਮਨੋਵਿਗਿਆਨ ਦਾ ਮਿਸ਼ਰਣ ਹਨ।

ਰਾਸ਼ਟਰੀ ਸਾਖਰਤਾ ਮਿਸ਼ਨ ਦੇ ਅਨੁਸਾਰ ਭਾਰਤ ਵਿੱਚ ਸਾਖਰਤਾ ਦਰ ਘੱਟ ਹੋਣ ਦੇ ਕਾਰਨ ਹਨ:

1) ਲਿੰਗ ਅਧਾਰਿਤ ਵਿਤਕਰਾ
2) ਸਮਾਜਿਕ ਵਿਤਕਰਾ ਤੇ ਆਰਥਿਕ ਸੋਸ਼ਣ
3) ਘਰੇਲੂ ਦਾਏਰਿਆਂ ਵਿੱਚ ਕੁੜੀਆਂ ਦਾ ਰੁੱਝੇ ਰਹਿਣਾ
4) ਸਕੂਲ ਵਿੱਚ ਕੁੜੀਆਂ ਦੀ ਘੱਟ ਗਿਣਤੀ
5) ਸਕੂਲ ਵਿੱਚ ਰਹਿਣ ਦੀ ਘੱਟ ਅਤੇ ਛੱਡਣ ਦੀ ਵੱਧ ਦਰ
6) ਕੁਝ ਹੋਰ ਰੁਕਾਵਟਾਂ ਜਿਵੇਂ:

**1.3.6.1 ਮਾਪਿਆਂ ਦਾ ਵਿਵਹਾਰ :** ਲੜਕੀਆਂ ਦੀ ਸਿੱਖਿਆ ਪ੍ਰਤੀ ਮਾਪਿਆਂ ਦੀ ਨਾਕਾਰਾਤਮਕ ਸੋਚ ਵੀ ਇਸਤਰੀ ਸਿੱਖਿਆ ਵਿੱਚ ਰੁਕਾਵਟ ਹੈ। ਕਈ ਮਾਪਿਆਂ ਦੀ ਸੋਚ ਹੁੰਦੀ ਹੈ ਕਿ ਪੁੱਤਰ ਨੂੰ ਪੜਾਉਣਾ ਹੀ ਵਧੀਆ ਹੈ ਕਿਉਂਕਿ ਉਹਨਾਂ ਨੂੰ ਬੁਢਾਪੇ ਵਿੱਚ ਪੁੱਤਰ ਨੇ ਹੀ ਸਾਂਭਣਾ ਹੁੰਦਾ ਹੈ।

**1.3.6.2 ਸਮਾਜਿਕ ਵਿਤਕਰਾ :** ਸ਼ੁਰੂ ਤੋਂ ਹੀ ਕੁੜੀਆਂ ਨੂੰ ਮਰਦਾਂ ਦੀ ਹਕੂਮਤ ਹੇਠ ਰਹਿਣ ਲਈ ਤਿਆਰ ਕੀਤਾ ਜਾਂਦਾ ਹੈ ਅਤੇ ਆਪਣੀ ਲੋੜਾਂ ਨੂੰ ਨਜਰ ਅੰਦਾਜ ਕਰਨਾ ਸਿਖਾਇਆ ਜਾਂਦਾ ਹੈ। ਸਿਹਤ, ਪੋਸ਼ਣ ਅਤੇ ਸਿੱਖਿਆ ਲਈ ਕਿਸ਼ੋਰ ਅਵਸਥਾ ਤੋਂ ਹੀ ਵਿਤਕਰਾ ਕੀਤਾ ਜਾਂਦਾ ਹੈ। ਸ਼ੁਰੂ ਤੋਂ ਹੀ ਕੁੜੀਆਂ ਅਤੇ ਮੁੰਡਿਆਂ ਨੂੰ ਸਮਾਜਿਕ ਵਿਵਹਾਰ ਅਤੇ ਚਾਲਚਲੱਣ ਵਿੱਚ ਅੰਤਰ ਕਰਨਾ ਸਿਖਾਇਆ ਜਾਂਦਾ ਹੈ। ਇਸ ਕਰ ਕੇ ਕੁੜੀਆਂ ਵਿੱਚ ਆਤਮਵਿਸ਼ਵਾਸ ਦੀ ਘਾਟ ਪਾਈ ਜਾਂਦੀ ਹੈ।

**1.3.6.3 ਕੁੜੀਆਂ ਦੀ ਸੋਚ ਨੂੰ ਤਰਜੀਹ ਨਾ ਦੇਣਾ :** ਇਹ ਇਸਤਰੀ ਸਾਖਰਤਾ ਦਰ ਘੱਟ ਕਰਨ ਦਾ ਸਭ ਤੋਂ ਵੱਡਾ ਕਾਰਨ ਹੈ। ਅਧਿਆਪਕ ਸਿੱਖਣ ਦੌਰਾਨ ਹਰ ਅਧਿਆਪਕ ਨੂੰ ਬੱਚਾ ਕੇਂਦਰਿਤ ਸਿੱਖਿਆ ਬਾਰੇ ਸਿਖਾਇਆ ਜਾਂਦਾ ਹੈ। ਪਰ ਜਦੋਂ ਅਸਲ ਵਿੱਚ ਅਧਿਆਪਕ ਜਮਾਤ ਵਿੱਚ ਪੜ੍ਹਾਉਂਦੇ ਹਨ ਤਾਂ ਉਹ ਇਹ ਭੁੱਲ ਜਾਂਦੇ ਹਨ ਕਿ ਕੁੜੀਆਂ ਵੀ ਵਿਦਿਆਰਥਣਾਂ ਹਨ ਅਤੇ ਉਹਨਾਂ ਦੀ ਸੋਚ ਅਤੇ ਮਾਨਸਿਕਤਾ ਨੂੰ ਧਿਆਨ ਵਿੱਚ ਰੱਖ ਕੇ ਹੀ ਪੜ੍ਹਾਉਣਾ ਚਾਹੀਦਾ ਹੈ।

**1.3.6.4 ਸੁੱਰਖਿਅਤ ਤੇ ਮਹਿਫੂਜ ਵਾਤਾਵਰਨ :** ਕਈ ਕੁੜੀਆਂ ਸਿੱਖਿਆ ਲੈਣ ਲਈ ਸਕੂਲਾਂ ਅਤੇ ਕਾਲਜਾਂ ਵਿੱਚ ਦਾਖਲਾ ਲੈਂਦੀਆਂ ਹਨ ਪਰ ਜਿਆਦਾਤਰ ਅਸੀਂ ਵੇਖਦੇ ਹਾਂ ਕਿ ਸਕੂਲਾਂ ਅਤੇ ਕਾਲਜਾਂ ਵਿੱਚ ਛੁੱਟੀ ਸਮੇਂ ਇਹਨਾਂ ਅਦਾਰਿਆਂ ਦੇ ਬਾਹਰ ਮੁੰਡਿਆਂ ਦੇ ਟੋਲੇ ਘੁੰਮਦੇ ਨਜਰ ਆਉਂਦੇ ਹਨ ਜੋ ਕਿ ਆਉਂਦੀਆਂ ਜਾਂਦੀਆਂ ਕੁੜੀਆਂ ਨੂੰ ਛੇੜਦੇ ਹਨ। ਇਹਨਾਂ ਕਾਰਨਾਂ ਕਰਕੇ ਕੁੜੀਆਂ ਸੁਰੱਖਿਅਤ ਮਹਿਸੂਸ ਨਹੀਂ ਕਰਦਿਆਂ। ਇਥੋਂ ਤਕ ਕਿ ਕਈ ਵਾਰ ਸਕੂਲ ਦੇ ਪੁਰਸ਼ ਸਟਾਫ ਮੈਂਬਰ/ਅਧਿਆਪਕ ਵੀ ਕਿਸ਼ੋਰ ਅਵਸਥਾ ਵਿੱਚ ਕੁੜੀਆਂ ਨਾਲ ਛੇੜਖਾਨੀ ਕਰਨ ਤੋਂ ਗੁਰੇਜ ਨਹੀਂ ਕਰਦੇ। ਸਾਡਾ ਸਮਾਜਿਕ ਢਾਂਚਾ ਇਹੋ ਜਿਹਾ ਹੈ ਕਿ ਇਹੋ ਜਿਹੇ ਕੇਸ ਵਿੱਚ ਕੋਈ ਵੀ ਪੁਰਸ਼ ਸਟਾਫ ਮੈਂਬਰ/ਅਧਿਆਪਕ ਤੋਂ ਪ੍ਰਸ਼ਨ ਪੁੱਛਣ ਵਾਲਾ ਨਹੀਂ ਹੁੰਦਾ ਬਲਕਿ ਮਾਪੇ ਆਪਣੀ ਕੁੜੀਆਂ ਨੂੰ ਹੀ ਸਕੂਲੋਂ ਹਟਾ ਲੈਂਦੇ ਹਨ। ਸਮਾਜ ਅਤੇ ਪੁਰਸ਼ ਸਮਾਜ ਦਾ ਇਹੋ ਜਿਹਾ ਵਤੀਰਾ ਹੀ ਕਾਫੀ ਵੱਡੇ ਸਤਰ ਤੇ ਕੁੜੀਆਂ ਦੇ ਸਕੂਲੋਂ ਹੱਟਣ ਦਾ ਕਾਰਨ ਬਣਦਾ ਹੈ।

**1.3.6.5 ਸਿੱਖਿਆ ਦਾ ਰੋਜ਼ਾਨਾ ਜਿੰਦਗੀ ਨਾਲ ਸੰਬੰਧ :** ਇਸ ਨੂੰ ਸਮਝਣ ਲਈ ਇੱਕ ਉਦਾਹਰਣ ਲੈਂਦੇ ਹਾਂ: ਇੱਕ ਦਿਨ ਇੱਕ ਮਾਂ ਆਪਣੀ ਧੀ ਨੂੰ ਜੋ ਕਿ ਚੌਥੀ ਜਮਾਤ ਵਿਚ ਪੜ੍ਹਦੀ ਹੈ, ਇੱਕ ਪੱਤਰ ਲਿਖਣ ਨੂੰ ਕਹਿੰਦੀ ਹੈ। ਜੋ ਕਿ ਉਸਦੀ ਚਾਚੀ ਨੂੰ ਲਿਖਣਾ ਹੈ। ਉਸਦੀ ਧੀ ਕਾਪੀ ਪੈਨ ਲੈਕੇ ਆਉਂਦੀ ਹੈ। ਮਾਂ ਬੋਲਣਾ ਸ਼ੁਰੂ ਕਰਦੀ ਹੈ ਕਿ ਪੱਤਰ ਵਿੱਚ ਲਿਖੋ ਸਾਡੀ ਮੱਝ ਸੂਣ ਵਾਲੀ ਹੈ ਤੇ ਤੁਸੀਂ ਉਸ ਦੀ ਉਚਿੱਤ ਦੇਖਭਾਲ ਕਰੋ ਉਸ ਨੂੰ ਖਲ, ਬਿਨੋਲਾ ਆਦਿ ਖਾਣ ਨੂੰ ਦਿਉ ਜੇਕਰ ਉਹ ਕੱਟੇ ਨੂੰ ਜਨਮ ਦੇਵੇ ਉਸ ਨੂੰ ਵੇਚ ਦੇਣ ਤੇ ਜੇਕਰ ਕੱਟੀ ਨੂੰ

ਜਨਮ ਦੇਵੇ ਤਾਂ ਰੱਖ ਲੈਣ। ਮਾਂ ਇਹ ਸਭ ਬੋਲਦੀ ਰਹੀ ਪਰ ਧੀ ਇਹ ਸਭ ਸੁਣ ਕੇ ਇੱਧਰ ਉੱਧਰ ਵੇਖਦੀ ਰਹੀ ਤੇ ਮਾਂ ਨੂੰ ਕਿਹਾ ਕਿ ਇਹ ਸਭ ਲਿਖਣਾ ਸਾਨੂੰ ਸਕੂਲ ਵਿੱਚ ਨਹੀਂ ਸਿਖਾਇਆ ਜਾਂਦਾ।

ਇਹ ਸੁਣ ਕੇ ਮਾਂ ਪਰੇਸ਼ਾਨ ਹੋ ਕੇ ਸਕੂਲ ਅਧਿਆਪਕ ਕੋਲ ਗਈ ਤੇ ਕਿਹਾ ਕਿ ਮੈਂ ਪਿਛਲੇ 4 ਸਾਲਾਂ ਤੋਂ ਆਪਣੀ ਧੀ ਨੂੰ ਤੁਹਾਡੇ ਕੋਲ ਭੇਜ ਰਹੀ ਹਾਂ ਪਰ ਉਸ ਨੂੰ ਹੁਣ ਤੱਕ ਇਕ ਪੱਤਰ ਵੀ ਨਹੀਂ ਲਿਖਣਾ ਆਉਂਦਾ ਹੈ। ਅਧਿਆਪਕ ਨੇ ਕਿਹਾ ਕਿ ਅਸੀਂ ਉਸਨੂੰ ਮਿਊਂਸੀਪਲ ਕਮਿਸ਼ਨਰ, ਕਿਤਾਬਾਂ ਵਾਲੇ, ਹੈਡ ਮਾਸਟਰ ਨੂੰ ਪੱਤਰ ਲਿਖਣਾ ਸਿਖਾਇਆ ਹੈ। ਅਧਿਆਪਕ ਮਾਂ ਨੂੰ ਲੜਕੀ ਦੀ ਕਾਪੀ ਵੇਖਣ ਨੂੰ ਕਹਿੰਦੀ ਹੈ । ਇਹ ਸਭ ਸੁਣ ਕੇ ਮਾਂ ਖਿੱਝ ਕੇ ਬੋਲਦੀ ਹੈ ਇਹੋ ਜਿਹੀ ਸਿੱਖਿਆ ਦਾ ਕੀ ਫਾਇਦਾ ਜਦੋਂ ਇਕ ਬੱਚਾ ਇੱਕ ਪੱਤਰ ਲਿਖਣ ਦੇ ਕਾਬਿਲ ਹੀ ਨਹੀਂ। ਇਹੋ ਜਿਹੀ ਸਿੱਖਿਆ ਨੂੰ ਆਪਣੇ ਕੋਲ ਰੱਖੋ। ਇਹੋ ਜਿਹੇ ਹਾਲਾਤ ਮਾਂ ਬਾਪ ਨੂੰ ਮਜਬੂਰ ਕਰਦੇ ਹਨ ਕਿ ਉਹ ਆਪਣੀਆਂ ਬੇਟੀਆਂ ਨੂੰ ਸਕੂਲ ਪੜ੍ਹਨ ਲਈ ਨਾ ਭੇਜਣ।

ਇਹ ਸਾਬਿਤ ਕਰਦਾ ਹੈ ਕਿ ਸਿੱਖਿਆ ਰੋਜਾਨਾ ਜੀਵਨ ਨਾਲ ਸੰਬੰਧਿਤ ਹੋਣੀ ਚਾਹੀਦੀ ਹੈ। ਜੇਕਰ ਲੜਕੀਆਂ ਦੀ ਸਿੱਖਿਆ ਰੋਜਾਨਾ ਜੀਵਨ ਜਿਵੇਂ ਕਿ ਹੋਮ ਸਾਇੰਸ, ਕੰਪਿਊਟਰ, ਸਿਲਾਈ-ਕਢਾਈ ਨਾਲ ਸੰਬੰਧਿਤ ਹੋਵੇ ਤਾਂ ਉਹ ਲਾਭਦਾਇਕ ਸਿੱਧ ਹੋ ਸਕਦਾ ਹੈ।

## 1.3.7 ਇਸਤਰੀ ਸਿੱਖਿਆ ਨੂੰ ਵਧਾਉਣ ਦੇ ਪੈਮਾਨੇ

1. ਇਹ ਦੇਖਿਆ ਗਿਆ ਹੈ ਕਿ ਸੰਸਾਰ ਭਰ ਦੀਆਂ ਔਰਤਾਂ ਨੂੰ ਆਪਣੇ ਹੱਕਾਂ ਲਈ ਜਿਵੇਂ ਕਿ ਮੌਲਿਕ ਅਧਿਕਾਰ, ਵੋਟ ਦਾ ਅਧਿਕਾਰ ਲਈ ਲੜਨਾ ਪਿਆ ਹੈ ਪਰ ਭਾਰਤ ਦੇ ਸੰਵਿਧਾਨ ਨੇ ਸ਼ੁਰੂ ਤੋਂ ਹੀ ਔਰਤਾਂ ਨੂੰ ਮਰਦਾਂ ਦੇ ਬਰਾਬਰ ਹੱਕ ਦਿੱਤੇ ਹਨ। ਬਦਕਿਸਮਤੀ ਨਾਲ ਦੇਸ਼ ਦੀਆਂ ਔਰਤਾਂ ਅਨਪੜ੍ਹਤਾ ਕਾਰਨ ਆਪਣੇ ਹੱਕਾ ਤੋਂ ਵਾਂਝਿਆਂ ਹਨ। ਔਰਤ ਦੀ ਸਿੱਖਿਆ ਅੱਜ ਦੀ ਲੋੜ ਹੈ।
2. ਇਸਤਰੀ ਸਿੱਖਿਆ ਦੀ ਪਹੁੰਚ ਸਭ ਲਈ ਹੋਣੀ ਚਾਹੀਦੀ ਹੈ।
3. ਸਾਨੂੰ ਇਹ ਸੋਚਣ ਦੀ ਲੋੜ ਹੈ ਕਿ ਇਹ ਹਾਲਾਤ ਇੱਕ ਰਾਤ ਵਿੱਚ ਨਹੀਂ ਬਦਲ ਸਕਦੇ ਪਰ ਇਸ ਕਾਰਨ ਅਸੀਂ ਇਹ ਸੋਚਣਾ ਬੰਦ ਨਹੀਂ ਕਰ ਸਕਦੇ।
4. ਸਰਕਾਰ ਵੱਲੋਂ ਅਤੇ ਖੁਦ ਔਰਤਾਂ ਵੱਲੋਂ ਇਸਤਰੀ ਸਿੱਖਿਆ ਦੇ ਰਸਤੇ ਵਿੱਚੋ ਆ ਰਹੀਆਂ ਰੁਕਾਵਟਾਂ ਨੂੰ ਹਟਾਉਣ ਲਈ ਸਪੱਸ਼ਟ ਸੋਚਣੀ ਦੀ ਲੋੜ ਹੈ। ਇਸ ਸੋਚਣੀ ਦਾ ਕੇਂਦਰ ਪੁਰਾਣੇ ਸਮੇਂ ਦੇ ਸਮਾਜਿਕ ਵਿਤਕਰੇ ਅਤੇ ਸਮਾਜ ਵਿੱਚ ਚਲਦੇ ਆ ਰਹੇ ਔਰਤਾਂ ਵਿਰੁੱਧ ਤੱਤਾਂ ਨੂੰ ਬਦਲਣ ਵਿੱਚ ਹੋਣਾ ਚਾਹੀਦਾ ਹੈ।
5. ਸਮਾਜ ਵਿੱਚ ਬਦਲਾਅ ਸਿਰਫ ਤਾਂ ਹੀ ਹੋ ਸਕਦਾ ਹੈ ਜੇਕਰ ਸਮਾਜਿਕ ਵਿਵਹਾਰ ਅਤੇ ਕਦਰਾਂ ਕੀਮਤਾਂ ਬਦਲਣਗੀਆਂ। ਅਜੋਕੇ ਸਮੇਂ ਵਿੱਚ ਪੁਰਸ਼ ਪ੍ਰਧਾਨ ਸਮਾਜ ਵਾਲੀ ਮਾਨਸਿਕਤਾ ਨੂੰ ਬਦਲਣ ਦੀ ਲੋੜ ਹੈ।
6. ਜਦੋਂ ਅਸੀਂ ਭਾਰਤੀ ਵਿੱਦਿਅਕ ਪ੍ਰਣਾਲੀ ਦੀ ਸੱਮਸਿਆਵਾਂ ਦੀ ਗੱਲ ਕਰਦੇ ਹਾਂ ਤਾਂ ਜਿਵੇਂ ਬੇਰੁਜਗਾਰੀ ਦੀ ਗੱਲ ਬਾਰ ਬਾਰ ਕਰਦੇ ਹਾਂ ਓਂਵੇ ਹੀ ਪੜ੍ਹਾਈ ਅੱਧ ਵਿਚਾਲੇ ਛੱਡਣ ਵਾਲੀ ਕੁੜੀਆਂ ਦੀ ਗੱਲ ਵੀ ਬਾਰ ਬਾਰ ਕਰੀਏ ਤਾਕਿ ਇਸ ਸੱਮਸਿਆ ਤੇ ਸਾਡੇ ਦੇਸ਼ ਦਾ ਧਿਆਨ ਜਾ ਸਕੇ। ਇੱਥੇ ਮੈਂ ਇਹ ਦੱਸਣਾ ਚਾਹੁੰਦੀ ਹਾਂ ਕਿ ਕਈ ਕੁੜੀਆ ਜੋ ਪਿੰਡਾਂ ਚ ਰਹਿੰਦੀਆਂ ਹਨ ਅਤੇ ਆਪਣੀ ਪੜ੍ਹਾਈ ਨੂੰ ਜਾਰੀ ਰੱਖਣਾ ਚਾਹੁੰਦੀਆਂ ਹਨ ਪਰ ਉਨ੍ਹਾਂ ਦੇ ਪਿਓ ਅਤੇ ਭਰਾ ਇਸ ਹੱਕ ਵਿੱਚ ਨਹੀਂ ਹਨ। ਇਸ ਕਾਰਨ ਕਰਕੇ ਸਾਡੇ ਦੇਸ਼ ਦੇ ਹੁਨਰ ਨੂੰ ਸਹੀ ਥਾਂ ਨਹੀਂ ਮਿਲ

ਰਹੀ। ਲਿੰਗ ਵਿਤਕਰੇ ਨੂੰ ਖਤਮ ਕਰਨਾ ਸੈਕੰਡਰੀ ਅਤੇ ਉੱਚ ਸਿੱਖਿਆ ਦਾ ਮੁੱਖ ਟੀਚਾ ਹੋਣਾ ਚਾਹੀਦਾ ਹੈ।

**1.3.8 ਸਾਰ**

ਇਕ ਔਰਤ ਆਪਣੀ ਜਿੰਦਗੀ ਵਿੱਚ ਕਈ ਤਰ੍ਹਾਂ ਦੀ ਭੂਮਿਕਾ ਨਿਭਾਉਂਦੀ ਹੈ। ਪੜੀਆਂ-ਲਿਖੀਆਂ ਔਰਤਾਂ ਅਨਪੜ੍ਹ ਔਰਤਾਂ ਦੇ ਮੁਕਾਬਲੇ ਜਿਆਦਾ ਵਧੀਆ ਜਿੰਦਗੀ ਬਤੀਤ ਕਰ ਸਕਦੀਆਂ ਹਨ। ਭਾਰਤ ਵਿਚ ਅੱਜ ਵੀ ਔਰਤਾਂ ਦੇ ਸਿੱਖਿਆ ਦੇ ਖੇਤਰ ਪਹੁੰਚ ਮੁਸ਼ਕਿਲ ਅਤੇ ਚੁਨੌਤੀਪੂਰਨ ਕੰਮ ਹੈ। ਭਾਰਤ ਦੀ ਕੁੱਲ ਆਬਾਦੀ ਦਾ 52 ਪ੍ਰਤੀਸ਼ਤ ਹਿੱਸਾ ਔਰਤਾਂ ਦਾ ਹੈ ਪਰ ਅੱਜ ਵੀ ਔਰਤਾਂ ਮੁਸ਼ਕਿਲ ਅਤੇ ਯਾਤਨਾਪੂਰਨ ਹਾਲਾਤ ਵਿੱਚ ਆਪਣੀ ਜਿੰਦਗੀ ਗੁਜਾਰ ਰਹੀਆਂ ਹਨ। 2011 ਦੀ ਜੰਨਗਣਨਾ ਅਨੁਸਾਰ ਸਿਰਫ 65.5 ਪ੍ਰਤੀਸ਼ਤ ਔਰਤਾਂ ਹੀ ਸਾਖਰ ਹਨ। ਇਹ ਦੱਸਦਾ ਹੈ ਕਿ ਔਰਤਾਂ ਅਤੇ ਲੜਕੀਆਂ ਦਾ ਰੁਝਾਨ ਉੱਚ ਸਿੱਖਿਆ ਵੱਲ ਵੱਧ ਰਿਹਾ ਹੈ ਪਰ ਹਜੇ ਵੀ ਔਰਤਾਂ ਦੀ ਸਾਖਰਤਾ ਦਰ ਨੂੰ 100 ਪ੍ਰਤੀਸ਼ਤ ਤੱਕ ਪਹੁੰਚਾਉਣ ਲਈ ਇਕ ਲੰਬਾ ਪੈਂਡਾ ਪਾਰ ਕਰਨਾ ਪੈਣਾ ਹੈ। ਭਾਰਤ ਵਿਚ ਔਰਤਾਂ ਦੀ ਘੱਟ ਸਾਖਰਤਾ ਦਰ ਲਈ ਕਈ ਸਮਾਜਿਕ-ਮਨੋਵਿਗਿਆਨਕ ਤੱਤ ਜਿੰਮੇਵਾਰ ਹਨ। ਜਿੰਨ੍ਹਾਂ ਵਿੱਚ ਮਾਂ-ਬਾਪ ਦੀ ਨਾਕਾਰਾਤਮਕ ਸੋਚ, ਸਮਾਜਿਕ ਵਿੱਤਕਰਾ, ਔਰਤ ਦੀ ਆਵਾਜ ਨੂੰ ਤਰਜੀਹ ਨਾ ਦੇਣਾ, ਸੁਰਖਿਅਤ ਅਤੇ ਮਹਿਫੂਜ ਵਾਤਾਵਰਨ ਦੀ ਘਾਟ ਅਤੇ ਸਿੱਖਿਆ ਦਾ ਵਾਸਤਵਿਕ ਜਿੰਦਗੀ ਨਾਲ ਤਾਲਮੇਲ ਨਾ ਹੋਣਾ, ਆਦਿ ਕਾਰਨ ਪ੍ਰਮੁੱਖ ਹਨ। ਇਸ ਕਰਕੇ ਸਾਨੂੰ ਸਿੱਖਿਆ ਦੇ ਖੇਤਰ ਵਿਚ ਲਿੰਗ ਵਿੱਤਕਰੇ ਨੂੰ ਖਤਮ ਕਰਨ ਲਈ ਕੁਝ ਮਹੱਤਵਪੂਰਨ ਕਦਮ ਚੁੱਕਣੇ ਚਾਹੀਦੇ ਹਨ।

**1.3.9 ਸ਼ਬਦਾਵਲੀ**

1. ਲਿਖਣ ਅਤੇ ਪੜ੍ਹਨ ਦੀ ਸਮਰੱਥਾ/ਯੋਗਤਾ
2. ਸਮਾਜਿਕ ਮਨੋਵਿਗਿਆਨਿਕ ਤੱਤ: ਉਹ ਤੱਤ ਜਿਹੜੇ ਸਮਾਜਿਕ ਅਤੇ ਮਨੋਵਿਗਿਆਨ ਨਾਲ ਜੁੜੇ ਹੁੰਦੇ ਹਨ।
3. ਸਮਾਜਿਕ ਭੇਦ-ਭਾਵ ਵਿਤਕਰਾ: ਪੱਖਪਾਤ ਦੇ ਆਧਾਰ ਤੇ ਨਾਜਾਇਜ ਸਲੂਕ

**1.3.10 ਸਵੈ ਪੜਤਾਲ ਅਭਿਆਸ**

1. .................. ਇਸਤਰੀ ਨੂੰ ਅਧਿਕਾਰ ਦੇਣ ਦਾ ਇਕ ਮਹੱਤਵਪੂਰਨ ਸਾਧਨ ਹੈ।
2. ਇਸਤਰੀਆਂ ਦੀ ਸਾਖਰਤਾ ਦਰ ਪੁਰਸ਼ਾਂ ਨਾਲੋ ...................ਹੈ।
3. .................. ਮਾਤ੍ਰਿਕ ਰੱਵਇਆ ਇਸਤਰੀਆਂ ਦੀ ਸਿੱਖਿਆ ਵਿਚ ਇਕ ਵੱਡੀ ਰੁਕਾਵਟ ਹੈ।
4. ਭਾਰਤ ਦੇ ਸੰਵਿਧਾਨ ਨੇ ਇਸਤਰੀਆਂ ਨੂੰ ਪੁਰਸ਼ਾਂ ਦੇ ............. ਅਧਿਕਾਰ ਦਿੱਤੇ ਹਨ।

**ਉੱਤਰ ਕੁੰਜੀ**

1. ਸਿੱਖਿਆ 2. ਘੱਟ 3. ਨਾਕਾਰਾਤਮਕ 4. ਬਰਾਬਰ

**1.3.11 ਪ੍ਰਸਤਾਵਿਤ ਸਵਾਲ**

ਪ੍ਰਸ਼ਨ 1 ਇਸਤਰੀ ਸਿੱਖਿਆ ਦੇ ਮੱਹਤਤਾ ਤੇ ਚਰਚਾ ਕਰੋ।

ਪ੍ਰਸ਼ਨ 2 ਭਾਰਤ ਵਿੱਚ ਇਸਤਰੀ ਸਿੱਖਿਆ ਦੀ ਦਸ਼ਾ ਬਾਰੇ ਦੱਸੋ। ਭਾਰਤ ਵਿੱਚ ਇਸਤਰੀ ਸਿੱਖਿਆ ਦਾ ਸਥਾਨ ਅਤੇ ਅਵਸਥਾ ਬਾਰੇ ਦੱਸੋ।

ਪ੍ਰਸ਼ਨ 3 ਇਸਤਰੀ ਸਿੱਖਿਆ ਦੇ ਸਮਾਜਿਕ-ਮਾਨਸਿਕ ਤੱਤਾਂ ਨੂੰ ਵਿਸਥਾਰਪੂਰਵਕ ਲਿਖੋ।

ਪ੍ਰਸ਼ਨ 4 ਭਾਰਤ ਵਿੱਚ ਇਸਤਰੀ ਸਿੱਖਿਆ ਨੂੰ ਵਧਾਉਣ ਦੇ ਕਿਹੜੇ ਪੈਮਾਨੇ ਹਨ।

**1.3.12 Suggested Readings :**


Mishra, R.C.(2008) Women Education, APH Publication, New Delhi.

Talesra, H; Ruthela, S; Kothari, I; Dasgupta, S.(2007) Agenda for Education: Design and Direction, Rajasthan Council of Educational Administration and Management Publication.

Pattanaik, A. and Swain, Snigdha, R. (2007) Women Education, APH Publishing Corporation, New Delhi.

Sharda Kumari 2010) "Munia se school Itni Door Kyu", Paper published in *Prathmik Shikshak*, April 2010, pg 8-14.

**ਪਾਠ ਨੰ: 1.4**

# ਘੱਟ ਗਿਣਤੀ ਸਮੁਦਾਇ ਦੀਆਂ ਇਸਤਰੀਆਂ ਦੀਆਂ ਸਮੱਸਿਆਵਾਂ

1.4.0 ਢਾਂਚਾ
1.4.1 ਪਾਠ ਦੇ ਉਦੇਸ਼
1.4.2 ਜਾਣ ਪਛਾਣ
1.4.3 ਮੁਸਲਿਮ ਔਰਤਾਂ ਦੀਆਂ ਸਮੱਸਿਆਵਾਂ
    1.4.3.1 ਮੁਸਲਿਮ ਔਰਤਾਂ ਦੀ ਸਿੱਖਿਆ
    1.4.3.2 ਬਹੁਪਤਨੀਤਵ
    1.4.3.3 ਬੇਰੁਜ਼ਗਾਰੀ
1.4.4 ਸਿੱਖ ਔਰਤਾਂ ਦੀਆਂ ਸਮੱਸਿਆਵਾਂ
    1.4.4.1 ਇਕੱਲੇਪਣ ਤੇ ਸ਼ਾਦੀ ਦੀਆਂ ਸਮੱਸਿਆਵਾਂ
    1.4.4.2 ਲੜਕੇ ਤੇ ਲੜਕੀਆਂ ਵਿੱਚ ਜਾਇਦਾਦ ਦੀ ਵੰਡ ਦੀ ਸਮੱਸਿਆ
1.4.5 ਇਸਾਈ ਔਰਤਾਂ ਦੀਆਂ ਸਮੱਸਿਆਵਾਂ
1.4.6 ਪਛੜੀਆਂ ਜਾਤੀਆਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ
    1.4.6.1 ਸਮਾਜਿਕ ਵਿਤਕਰੇ ਤੇ ਮਰਦ ਪ੍ਰਧਾਨ ਸਮਾਜ ਦੇ ਦੁੱਖ
    1.4.6.2. ਗੈਰ-ਸਿਹਤਵੰਦ ਬਹੁਜਨਣਾ
1.4.7 ਪੱਟੀਦਾਰ ਕਬੀਲਿਆਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ
1.4.8 ਸੰਖੇਪ
1.4.9 ਸਵੈ- ਮੁਲਾਂਕਣ ਲਈ ਪ੍ਰਸ਼ਨ
1.4.10 ਸੁਝਾਏ ਪ੍ਰਸ਼ਨ
1.4.11 ਸੁਝਾਈਆਂ ਪੁਸਤਕਾਂ

**1.4.1 ਉਦੇਸ਼:** ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਸਮਝ ਜਾਣਗੇ ਕਿ :
1. ਮੁਸਲਿਮ ਔਰਤਾਂ ਦੀਆਂ ਕੀ ਸਮੱਸਿਆਵਾਂ ਹਨ?
2. ਲੜਕੇ ਤੇ ਲੜਕੀਆਂ ਵਿੱਚ ਜਾਇਦਾਦ ਦੀ ਵੰਡ ਦੀਆਂ ਕੀ ਕੀ ਸਮੱਸਿਆਵਾਂ ਹਨ?
3. ਸਮਾਜਿਕ ਵਿਤਕਰੇ ਤੇ ਮਰਦ ਪ੍ਰਧਾਨ ਸਮਾਜ ਦੇ ਦੁੱਖਾਂ ਤੋਂ ਜਾਣੂ ਹੋ ਜਾਣਗੇ।

**1.4.2 ਜਾਣ-ਪਛਾਣ:**

ਭਾਰਤ ਇੱਕ ਬਹੁ-ਧਰਮੀ, ਬਹੁ ਭਾਸ਼ਾਈ ਤੇ ਬਹੁ-ਸੱਭਿਆਚਾਰਕ ਸਮਾਜ ਹੈ ਜਿੱਥੇ ਵੱਖ-ਵੱਖ ਗਰੁੱਪਾਂ ਦੇ ਲੋਕ ਇੱਕ ਹੋ ਕੇ ਰਹਿੰਦੇ ਹਨ ਤਾਂ ਕਿ ਉਹ ਆਪਣੇ ਢੰਗ ਨਾਲ ਆਪਣਾ ਜੀਵਨ ਬਤੀਤ ਕਰਨ,ਆਪਣੀ ਮਰਜੀ ਦੇ ਕੱਪੜੇ ਪਾਉਣ ਤੇ ਆਪਣੇ ਧਾਰਮਿਕ ਅਸਥਾਨਾਂ ਵਿੱਚ ਪਾਠ ਪੂਜਾ ਕਰਨ,ਆਪਣੀ-ਆਪਣੀ ਭਾਸ਼ਾ ਬੋਲਣ ਤੇ ਆਪਣੇ ਆਪਣੇ ਧਾਰਮਿਕ ਮੇਲੇ ਲਗਾਉਣ ਤੇ ਨਾਲ ਹੀ ਮਿਲ-ਜੁਲ ਕੇ ਰਹਿਣ ਤੇ ਧਾਰਮਿਕ ਇਕਾਗਰਤਾ ਬਣਾ ਕੇ

ਰੱਖਣ ਪਰ ਸਾਰੇ ਦੇਸ਼ਾਂ ਵਿੱਚ ਇੱਕ ਗੱਲ ਇੱਕੋ ਜਿਹੀ ਹੈ ਕਿ ਇਹ ਮਰਦ ਪ੍ਰਧਾਨ ਸਮਾਜ ਹੈ ਜਿਸ ਵਿੱਚ ਘਰ ਦੇ ਤੇ ਘਰ ਤੋਂ ਬਾਹਰ ਦੇ ਸਾਰੇ ਫੈਸਲੇ ਮਰਦ ਹੀ ਕਰਦੇ ਹਨ ਤੇ ਔਰਤਾਂ ਨੇ ਉਹਨਾਂ ਦੇ ਫੈਸਲਿਆਂ ਦਾ ਸਤਿਕਾਰ ਕਰਨਾ ਹੁੰਦਾ ਹੈ।ਨਵੇਂ ਸਮਾਜ ਵਿੱਚ ਵੀ ਇਨ੍ਹਾਂ ਕੀਮਤਾਂ ਵਿੱਚ ਕੋਈ ਵੀ ਅੰਤਰ ਨਹੀ ਆਇਆ। ਉਨ੍ਹਾਂ ਦੇ ਜੀਵਨ ਹੋਰ ਵੀ ਬੁਰਾ ਹੋ ਜਾਂਦਾ ਸੀ ਜਦੋ ਉਹ ਲੜਕੀਆਂ ਨੂੰ ਜਨਮ ਦੇਂਦੀਆਂ ਸਨ। ਮਰਦ ਉਹਨਾਂ ਨਾਲ ਦੁਰਵਿਹਾਰ ਕਰਦੇ ਸੀ।ਇਸ ਦੇ ਕਈ ਪ੍ਰਕਾਰ ਦੇ ਕਾਰਨ ਹੋ ਸਕਦੇ ਹਨ ਜਿਵੇਂ ਕਿ ਇਤਿਹਾਸਿਕ, ਸਭਿਆਚਾਰਕ, ਧਾਰਮਿਕ, ਸਮਾਜਿਕ ਤੇ ਭੂਗੋਲਿਕ ਆਦਿ। ਇਸ ਤੋਂ ਇਹ ਨਹੀ ਸਮਝਣਾ ਚਾਹੀਦਾ ਕਿ ਭਾਰਤ ਵਿੱਚ ਕੋਈ ਵੀ ਇਲਾਕਾ ਅਜਿਹਾ ਨਹੀਂ ਹੈ ਜਿੱਥੇ ਕਿ ਔਰਤਾਂ ਦੀ ਪੁੱਛ-ਗਿੱਛ ਨਹੀਂ ਕੀਤੀ ਜਾਂਦੀ।ਪਰ ਅਜਿਹੇ ਇਲਾਕੇ ਬਹੁਤ ਘੱਟ ਹਨ ਕਿ ਉਨ੍ਹਾਂ ਨੂੰ ਅੱਖਾ ਤੋਂ ਉਹਲੇ ਕੀਤਾ ਜਾ ਸਕਦਾ ਹੈ।ਮੋਟੇ ਤੋਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਇੱਕ ਮਰਦ ਪ੍ਰਧਾਨ ਸਮਾਜ ਹੈ ਤੇ ਔਰਤਾਂ ਉਨ੍ਹਾਂ ਦੇ ਅਧੀਨ ਹੀ ਰਹਿੰਦੀਆਂ ਹਨ। ਔਰਤਾਂ ਨਾਲ ਦੁਰਵਿਹਾਰ ਕਰਨਾ, ਗਾਲੀ-ਗਲੋਚ ਕਰਨਾ ਤੇ ਮਾਰ ਕੁਟਾਈ ਕਰਨ ਦੀਆ ਵਾਰਦਾਤਾਂ ਘੱਟ ਨਹੀ ਹਨ। ਜਦਕਿ ਭਾਰਤ ਵਿੱਚ ਭਾਵੇਂ ਬਹੁਤ ਸਾਰੇ ਅਜਿਹੇ ਕਾਨੂੰਨ ਵੀ ਬਣਾਏ ਗਏ ਹਨ ਤਾਂ ਜੋ ਇਹ ਭੈੜੀਆਂ ਰਸਮਾਂ ਖ਼ਤਮ ਕੀਤੀਆ ਜਾਣ ਤੇ ਨੀਵੀਆਂ ਕੀਮਤਾਂ ਬੰਦ ਕੀਤੀਆ ਜਾਣ, ਤਾਂ ਵੀ ਪੁਲਿਸ ਨੂੰ ਬਹੁਤ ਘੱਟ ਸ਼ਿਕਾਇਤਾਂ ਕੀਤੀਆਂ ਜਾਂਦੀਆ ਹਨ, ਤਾਂ ਵੀ ਹਾਲਾਤ ਜਿਉਂ ਦੇ ਤਿਉਂ ਹੀ ਹਨ ਤੇ ਘੱਟ ਗਿਣਤੀ ਦੀਆਂ ਔਰਤਾਂ ਜਿਵੇਂ ਕਿ ਮੁਸਲਿਮ, ਸਿੱਖ, ਇਸਾਈ, ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲਿਆਂ ਤੇ ਪੜੀਦਰ ਕਬੀਲਿਆਂ ਆਦਿ ਨਾਲ ਬਹੁਤ ਭਾਂਤ ਦਾ ਵਿਤਕਰਾ ਕੀਤਾ ਜਾਂਦਾ ਹੈ।

### 1.4.3 ਮੁਸਲਿਮ ਔਰਤਾਂ ਦੀਆਂ ਸਮੱਸਿਆਵਾਂ:

ਮੱਧ ਕਾਲ ਵਿੱਚ ਜਦੋਂ ਮੁਸਲਮਾਨ ਭਾਰਤ ਵਿੱਚ ਆਏ ਤਾਂ ਔਰਤਾਂ ਦੀ ਹਾਲਤ ਹੋਰ ਵੀ ਖਰਾਬ ਹੋ ਗਈ ਸੀ।ਬੁਹਤ ਸਾਰੇ ਬੁਰੇ ਰਿਵਾਜ ਜਿਵੇ ਬਾਲ-ਵਿਆਹ, ਲੜਕੀਆਂ ਦਾ ਗਰਭ ਗਿਰਾ ਦੇਣਾ ਤੇ ਪੜਦਾ ਕਰਨਾ ਜਾਰੀ ਹੀ ਰਿਹਾ।ਪੜਦੇ ਦਾ ਰਿਵਾਜ ਬਣ ਗਿਆ।ਮੁਸਲਿਮ ਔਰਤਾਂ ਨੂੰ ਜਨਾਨਿਆਂ ਵਿੱਚ ਰਹਿਣਾ ਪੈਂਦਾ ਸੀ ਤੇ ਇੱਕ ਮਰਦ ਦੀਆਂ ਕਈ ਵਹੁਟੀਆਂ ਹੁੰਦੀਆਂ ਸੀ।ਘੱਟ ਗਿਣਤੀ ਵਾਲੀਆਂ ਔਰਤਾਂ ਵਿੱਚ ਸਭ ਨਾਲੋਂ ਵੱਧ ਗਿਣਤੀ ਮੁਸਲਮਾਨ ਔਰਤਾਂ ਦੀ ਹੈ।ਭਾਰਤ ਵਿੱਚ ਵੀ ਮੁਸਲਮਾਨ ਔਰਤਾਂ ਦੀਆਂ ਕਈ ਪ੍ਰਕਾਰ ਦੀਆਂ ਸਮੱਸਿਆਵਾ ਪਾਕਿਸਤਾਨ ਦੀਆਂ ਔਰਤਾਂ ਵਰਗੀਆਂ ਹੀ ਹਨ, ਪਰ ਫੇਰ ਵੀ ਭਾਰਤ ਵਿੱਚ ਇਨ੍ਹਾਂ ਵਿੱਚ ਕਈ ਪ੍ਰਕਾਰ ਦੀਆਂ ਤਬਦੀਲੀਆ ਜ਼ਰੂਰ ਆਈਆਂ ਹਨ। ਭਾਰਤ ਦੀਆਂ ਮੁਸਲਮਾਨ ਔਰਤਾਂ ਨੂੰ ਕਈ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸਾਹਮਣਾ ਤਾਂ ਵੀ ਕਰਨਾ ਪੈਂਦਾ ਹੈ ਕਿਉਂਕਿ ਉਨ੍ਹਾਂ ਵਿੱਚ ਬਹੁਤਿਆਂ ਦੇ ਰਿਸ਼ਤੇਦਾਰ ਪਾਕਿਸਤਾਨ ਵਿੱਚ ਰਹਿੰਦੇ ਹਨ ਤੇ ਉਹ ਉੱਥੇ ਜਾਂਦੀਆ ਰਹਿੰਦੀਆਂ ਤੇ ਉਨ੍ਹਾਂ ਨਾਲ ਤੁਲਨਾ ਹੋ ਜਾਂਦੀ ਹੈ।

#### 1.4.3.1 ਮੁਸਲਿਮ ਔਰਤਾਂ ਦੀ ਸਿੱਖਿਆ:

**(ੳ) ਵਿੱਦਿਅਕ ਪਧੱਰ:** ਅਸਲੀਅਤ ਇਹ ਹੈ ਕਿ ਪਹਿਲਾਂ ਤੋਂ ਹੀ ਮੁਸਲਿਮ ਔਰਤਾਂ ਪੜਦੇ ਵਿੱਚ ਰਹਿੰਦੀਆਂ ਹਨ ਤੇ ਇਸ ਪ੍ਰਕਾਰ ਦਾ ਬੁਰਕਾ ਪਾਉਂਦੀਆਂ ਹਨ ਕਿ ਉਨ੍ਹਾਂ ਦੇ ਸਰੀਰ ਦਾ ਕੋਈ ਵੀ ਹਿੱਸਾ ਬਾਹਰਲੇ ਕਿਸੇ ਵੀ ਵਿਅਕਤੀ ਨੂੰ ਨਜ਼ਰ ਨਹੀਂ ਆਉਂਦਾ।ਆਮ ਕਰਕੇ ਮੁਲ੍ਹਾ ਹੀ ਅਰਬੀ ਤੇ ਫ਼ਾਰਸੀ ਦੇ ਸਕੋਲਰ ਹੁੰਦੇ ਸੀ।ਉਹ ਮੁਸਲਿਮ ਔਰਤਾਂ ਨਾਲ ਮਿਲ-ਜੁਲ ਨਹੀਂ ਸਕਦੇ ਸੀ ਤੇ ਉਹ ਸਿੱਖਿਆ ਤੋਂ ਵਾਝੀਆਂ ਹੀ ਰਹਿ ਜਾਂਦੀਆਂ ਸੀ।ਇਸ ਪ੍ਰਕਾਰ ਮੁਸਲਮਾਨ ਔਰਤਾਂ ਵਿੱਚ ਅਨਪੜ੍ਹਤਾ ਦੀ ਬਹੁਤਾਂਤ ਹੀ ਸੀ। ਜਦੋਂ ਭਾਰਤ ਵਿੱਚ ਮੁਸਲਮਾਨਾਂ ਦਾ ਰਾਜ ਵੀ ਸੀ ਤਾਂ ਵੀ ਆਮ ਕਰਕੇ ਮੁਸਲਮਾਨ ਔਰਤਾਂ ਅਨਪੜ੍ਹ ਹੀ ਰਹਿ ਜਾਂਦੀਆਂ ਸੀ ਤੇ ਕੇਵਲ ਕੁਝ ਇੱਕ ਬਹੁਤ ਉੱਚੇ ਘਰਾਣਿਆਂ ਦੀਆਂ ਔਰਤਾਂ ਹੀ ਸਿੱਖਿਅਤ ਹੁੰਦੀਆਂ ਸੀ।

ਜਦੋਂ ਅੰਗਰੇਜ਼ਾ ਨੇ ਆਪਣੇ ਸਿੱਖਿਆ ਦਾ ਤਰੀਕਾ ਸ਼ੁਰੂ ਕੀਤਾ ਤਾਂ ਵੀ ਬਹੁਤ ਘੱਟ ਅਰਬੀ ਫਾਰਸੀ ਤੇ ਪਰਦਾ ਸਕੂਲ ਸਥਾਪਤ ਸੀ ਜੋ ਕਿ ਬਹੁਤ ਘੱਟ ਮੁਸਲਿਮ ਲੜਕੀਆਂ ਨੂੰ ਸਿੱਖਿਆ ਪ੍ਰਦਾਨ ਕਰਦੇ ਸੀ।ਅੰਗਰੇਜ਼ੀ ਹਕੂਮਤ ਦੇ ਸਮੇਂ ਸਰਕਾਰ ਤੇ ਇਸਾਈ ਮਿਸ਼ਨਰੀਆਂ ਦੇ ਸਿੱਖਿਆ ਦਾ ਪ੍ਰਸਾਰ ਕਰਨ ਦੇ ਉਚੇਚੇ ਉਪਰਾਲੇ ਕੀਤੇ

ਤੇ ਮੁਸਲਮਾਨ ਲੜਕੀਆਂ ਲਈ ਮਦਰਸੇ ਤੇ ਮਕਤਬੇ ਵੀ ਖੋਲ੍ਹੇ ਤੇ ਇੱਥੋਂ ਤੱਕ ਕਿ ਅਲੀਗੜ੍ਹ ਵਿੱਚ ਇੱਕ ਮੁਸਲਿਮ ਯੂਨੀਵਰਸਿਟੀ ਵੀ ਸਥਾਪਿਤ ਕੀਤੀ, ਤਾਂ ਵੀ ਬਹੁਤਾ ਲਾਭ ਨਹੀਂ ਹੋਇਆ ਤੇ ਬਹੁਤ ਥੋੜ੍ਹੇ ਮੁਸਲਿਮ ਲੋਕ ਹੀ ਇਨ੍ਹਾਂ ਦਾ ਲਾਭ ਉਠਾ ਸਕੇ ਤੇ ਬਹੁਤ ਘੱਟ ਮੁਸਲਮਾਨ ਵੀ ਸਿੱਖਿਅਤ ਹੋਏ। ਸਿੱਟਾ ਇਹ ਹੈ ਕਿ ਭਾਰਤ ਵਿੱਚ ਬਹੁਤ ਘੱਟ ਗਿਣਤੀ ਵਿੱਚ ਮੁਸਲਿਮ ਔਰਤਾਂ ਸਿੱਖਿਅਤ ਹਨ।

**1.4.3.2 ਬਹੁਪਤਨੀਤਵ :** ਮੁਸਲਿਮ ਔਰਤਾਂ ਦੀ ਇੱਕ ਵੱਡੀ ਸਮੱਸਿਆ ਇਹ ਵੀ ਹੈ ਕਿ ਭਾਰਤੀ ਸੰਵਿਧਾਨ ਦੇ ਅਨੁਸਾਰ ਇੱਕ ਭਾਰਤੀ ਮਰਦ ਸਿਰਫ਼ ਇੱਕ ਹੀ ਵਹੁਟੀ ਰੱਖ ਸਕਦਾ ਹੈ ਤੇ ਉਹ ਉਸ ਸਮੇਂ ਤੱਕ ਦੂਸਰੀ ਸ਼ਾਦੀ ਨਹੀਂ ਕਰ ਸਕਦਾ ਜਦ ਤੱਕ ਉਸਦੀ ਪਹਿਲੀ ਇਸਤਰੀ ਦਾ ਸਵਰਗਵਾਸ ਨਾ ਹੋਇਆ ਹੋਵੇ ਜਾਂ ਉਸ ਨੂੰ ਤਲਾਕ ਨਾ ਦਿੱਤਾ ਗਿਆ ਹੋਵੇ। ਇਹ ਹੀ ਹਾਲ ਔਰਤਾਂ ਦਾ ਵੀ ਹੈ। ਪਰ ਇਸਲਾਮ ਵਿੱਚ ਮਰਦ ਨੂੰ ਇਕੋ ਸਮੇਂ ਚਾਰ ਔਰਤਾਂ ਨਾਲ ਸ਼ਾਦੀ ਕਰਕੇ ਉਨ੍ਹਾਂ ਨਾਲ ਇੱਕਠਿਆ ਰਹਿ ਸਕਦਾ ਹੈ। ਮੁਸਲਿਮ ਔਰਤਾਂ ਲਈ ਇਸ ਦੇ ਭਾਵੇਂ ਕੋਈ ਵੀ ਕਾਰਨ ਨਾ ਹੋਣ, ਉਨ੍ਹਾਂ ਦੀ ਇਹ ਖੁੱਲ੍ਹ ਭਾਰਤੀ ਵਿਧਾਨ ਦੇ ਉਲਟ ਉਨ੍ਹਾਂ ਨੂੰ ਇਹ ਹੱਕ ਪ੍ਰਦਾਨ ਕਰਦੀ ਹੈ ਕਿ ਉਹ ਇਕੋ ਹੀ ਸਮੇਂ ਚਾਰ ਵਹੁੱਟੀਆ ਰੱਖ ਸਕੇ ਤੇ ਉਨ੍ਹਾਂ ਦੇ ਅਨੁਸਾਰ ਉਨ੍ਹਾਂ ਨੇ ਪਰਿਵਾਰ ਨਿਯੋਜਨ ਵੀ ਨਹੀਂ ਕਰਨਾ ਹੁੰਦਾ ਤੇ ਜਿਸ ਕਰਕੇ ਉਨ੍ਹਾਂ ਦੇ ਪਰਿਵਾਰ ਦਾ ਆਕਾਰ ਬਹੁਤ ਵੱਡਾ ਹੋ ਜਾਦਾ ਹੈ। ਨਤੀਜਾ ਇਹ ਨਿਕਲਦਾ ਹੈ ਕਿ ਉਨ੍ਹਾਂ ਨੂੰ ਸਾਰਾ ਜੀਵਨ ਸੰਕਟ ਵਿੱਚ ਹੀ ਰਹਿਣਾ ਪੈਂਦਾ ਹੈ। ਇਹ ਗੱਲ ਵੀ ਠੀਕ ਹੈ ਕਿ ਹੁਣ ਮੁਸਲਿਮ ਪੜੀਆਂ ਲਿਖੀਆਂ ਔਰਤਾਂ ਵਿੱਚ ਇਸ ਪ੍ਰਕਾਰ ਦੇ ਵਤੀਰੇ ਵਿੱਚ ਮੁੜ ਤਬਦੀਲੀ ਵੀ ਆ ਰਹੀ ਹੈ।

**1.4.3.3 ਬੇਰੁਜ਼ਗਾਰੀ :** ਬਹੁ ਗਿਣਤੀ ਵਿੱਚ ਅਣਪੜ ਹੋਣ ਦੇ ਕਾਰਨ ਤੇ ਵੱਡੇ ਪਰਿਵਾਰਾਂ ਵਿੱਚ ਰਹਿਣ ਦੇ ਕਾਰਨ ਮੁਸਲਮਾਨ ਔਰਤਾਂ ਲਈ ਇਹ ਮੁਸ਼ਕਿਲ ਹੋ ਜਾਂਦਾ ਹੈ ਕਿ ਉਹ ਘਰ ਤੋਂ ਬਾਹਰ ਤਨਖਾਹ ਵਾਲੇ ਕਿੱਤਿਆ ਵਿੱਚ ਪ੍ਰਵੇਸ਼ ਕਰਨ। ਸਿੱਟਾ ਇਹ ਨਿਕਲਦਾ ਹੈ ਕਿ ਉਨ੍ਹਾਂ ਵਿੱਚ ਬਹੁਤੀਆਂ ਬੁਹਤ ਨੀਵੀਂ ਪੱਧਰਾਂ ਤੇ ਖੇਤੀਬਾੜੀ ਨਾਲ ਸੰਬੰਧਤ ਕਿੱਤਿਆ ਵਿੱਚ ਕੰਮ ਕਰਦੀਆਂ ਹਨ।

(ਸ) ਪ੍ਰੰਪਰਾਵਾਦੀ ਪਰਿਵਾਰ ਵਿੱਚ ਰਹਿਣ ਵਾਲੀਆਂ ਮੁਸਲਿਮ ਔਰਤਾਂ ਜਿਨਾਂ ਦੇ ਬਹੁਤ ਬੱਚੇ ਹੀ ਹੁੰਦੇ ਹਨ, ਨੂੰ ਚੰਗੀ ਖੁਰਾਕ ਵੀ ਉਪਲੱਬਧ ਵੀ ਨਹੀ ਹੁੰਦੀ। ਸ਼ੁਰੂਆਤ ਵਿੱਚ ਤੇ ਘੱਟ ਵਸੀਲਿਆ ਵਿੱਚ, ਭੈੜੇ ਹਾਲਾਤ ਵਿੱਚ ਬਾਰ ਬਾਰ ਬੱਚਿਆ ਨੂੰ ਜਨਮ ਦੇਣਾ ਪੈਦਾਂ ਹੈ ਕਿਉਂਕਿ ਉਨ੍ਹਾਂ ਪਾਸ ਮਹਿੰਗਾ ਡਾਕਟਰੀ ਇਲਾਜ ਕਰਵਾਉਣ ਲਈ ਪੈਸੇ ਨਹੀ ਹੁੰਦੇ।

ਅਜਿਹੇ ਹਾਲਾਤ ਵਿੱਚ ਮੁਸਲਿਮ ਔਰਤਾਂ ਬਹੁਤ ਕਮਜ਼ੋਰ ਹੁੰਦੀਆਂ ਹਨ ਤੇ ਉਹ ਕੁਝ ਕਰਨ ਤੋ ਅਸਮਰਥ ਹੁੰਦੀਆਂ ਹਨ। ਉਨ੍ਹਾਂ ਨਾਲ ਬਹੁਤ ਹਾਲਾਤ ਵਿੱਚ ਦੁਰਵਿਹਾਰ ਹੁੰਦਾ ਹੈ ਤੇ ਉਨ੍ਹਾਂ ਨਾਲ ਗਾਲੀ ਗਲੋਚ ਕੀਤਾ ਜਾਂਦਾ ਹੈ ਤੇ ਉਨ੍ਹਾਂ ਨੂੰ ਮਾਰ ਵੀ ਖਾਣੀ ਪੈਂਦੀ ਹੈ ਤੇ ਉਨ੍ਹਾਂ ਦੀ ਘਰ ਦੇ ਫੈਸਲਿਆਂ ਦੇ ਕਰਨ ਵਿੱਚ ਕੋਈ ਬੁਕਤ ਨਹੀ ਹੁੰਦੀ।

### 1.4.4 ਸਿੱਖ ਔਰਤਾਂ ਦੀਆਂ ਸਮੱਸਿਆਵਾਂ:

ਇਹ ਗੱਲ ਬਿਲਕੁਲ ਠੀਕ ਹੈ ਕਿ ਭਾਰਤ ਵਿੱਚ ਸਿੱਖਾਂ ਦੀ ਗਿਣਤੀ ਕੇਵਲ 3% ਹੈ, ਪਰ ਤੁਸੀਂ ਉਨ੍ਹਾਂ ਨੂੰ ਭਾਵੇਂ ਦੁਨੀਆ ਦੇ ਕਿਸੇ ਕੋਨ੍ਹੇ ਵਿੱਚ ਵੀ ਦੇਖ ਲਓ ਉਹ ਹਰ ਪ੍ਰਕਾਰ ਦੇ ਕੰਮਾਂ ਵਿੱਚ ਲੀਨ ਹੁੰਦੇ ਹਨ ਜਿਵੇਂ ਕਿ ਕਾਰਖਾਨੇਦਾਰੀ, ਖੇਤੀਬਾੜੀ, ਸਰਕਾਰੀ ਨੌਕਰੀ ਤੇ ਵਿਉਪਾਰਾਂ।

ਇਹ ਹੀ ਹਾਲ ਸਿੱਖ ਇਸਤਰੀਆਂ ਦਾ ਹੈ ਜੋ ਕਿ ਜੀਵਨ ਦੇ ਨਵੇਂ ਢੰਗ ਬਹੁਤ ਜਲਦੀ ਅਪਣਾ ਲੈਂਦੀਆਂ ਹਨ। ਭਾਵੇਂ ਇਹ ਵੀ ਇਕ ਅਸਲੀਅਤ ਹੈ ਪਰ ਇਹ ਗੱਲ ਵੀ ਠੀਕ ਹੀ ਹੈ ਕਿ ਉਹ ਭਾਰਤੀ ਸੱਭਿਆਚਾਰ ਦਾ ਇੱਕ ਭਾਗ ਹੀ ਹੁੰਦੀਆਂ ਹਨ ਤੇ ਮਰਦ ਪ੍ਰਧਾਨ ਸਮਾਜ ਵਿੱਚ ਰਹਿੰਦੀਆਂ ਹਨ ਜਿੱਥੇ ਹਰ ਪ੍ਰਕਾਰ ਦੇ ਫੈਸਲੇ ਕੇਵਲ ਮਰਦ ਹੀ ਲੈਂਦੇ ਹਨ ਤੇ ਉਨ੍ਹਾਂ ਦੀ ਇਸ ਵਿੱਚ ਕੋਈ ਪ੍ਰਤੀਨਿਧਤਾ ਨਹੀਂ ਹੁੰਦੀ। ਸਿੱਖਿਆ ਦੇ ਖੇਤਰ ਵਿੱਚ

ਵੀ ਸਿੱਖ ਸੰਪਰਦਾ ਆਪਣੀਆਂ ਲੜਕੀਆਂ ਨੂੰ ਸਕੂਲ ਘੱਲਣ ਦੇ ਵਿਰੋਧ ਵਿੱਚ ਨਹੀਂ ਹੁੰਦੇ ਜਦੋਂ ਤੱਕ ਕੀ ਉਹ ਆਰਥਿਕ ਪੱਖ ਤੋਂ ਉਨ੍ਹਾਂ ਦੇ ਵੱਸ ਤੋਂ ਬਾਹਰ ਨਾ ਹੋਵੇ।

**1.4.4.1 ਇਕੱਲੇਪਣ ਤੇ ਸ਼ਾਦੀ ਦੀਆਂ ਸਮੱਸਿਆਵਾਂ :** ਇਹ ਵੀ ਠੀਕ ਹੈ ਕਿ ਸਿੱਖ ਕੁੜੀਆਂ ਵੀ ਇਕੱਲੇਪਣ ਦਾ ਬਹੁਤ ਵਾਰ ਸ਼ਿਕਾਰ ਹੁੰਦੀਆਂ ਹਨ ਕਿਉਂਕਿ ਉਨ੍ਹਾਂ ਦੇ ਮਾਪੇ ਵੀ ਉਨ੍ਹਾਂ ਦਾ ਲੜਕਿਆਂ ਨਾਲ ਬਹੁਤ ਖੁੱਲ੍ਹੇ ਭਾਂਤ ਦੇ ਮਿਲਣ-ਜੁਲਣ ਨੂੰ ਪਸੰਦ ਨਹੀਂ ਕਰਦੇ।

ਦੂਸਰੀ ਸਮੱਸਿਆ ਜੋ ਆਮ ਕਰਕੇ ਸਿੱਖ ਕੁੜੀਆਂ ਦੇ ਸਾਹਮਣੇ ਆਉਂਦੀ ਹੈ ਉਹ ਹੈ ਕਿ ਉਹ ਆਪਣੇ ਰੁਤਬੇ ਦੇ ਅਨੁਸਾਰ ਆਪਣੀ ਪੱਧਰ ਦੇ ਸਿੱਖਿਅਤ ਲੜਕਿਆਂ ਨਾਲ ਸ਼ਾਦੀ ਕਰਨਾ ਚਾਂਹੁਦੀਆਂ ਹਨ ਜੋ ਕਿ ਇੱਥੇ ਸਮੱਸਿਆ ਹੀ ਬਣ ਜਾਂਦੀ ਹੈ ਕਿਉਂਕਿ ਕਾਫੀ ਹੱਦ ਤੱਕ ਪੇਂਡੂ ਸਿੱਖ ਮੁੰਡੇ ਉੱਚੀ ਪੜ੍ਹਾਈ ਵਿੱਚ ਯਕੀਨ ਨਹੀਂ ਰੱਖਦੇ।ਅਜਿਹੇ ਹਾਲਾਤ ਵਿੱਚ ਜਦੋਂ ਮਾਪਿਆਂ ਨੂੰ ਕੋਈ ਲੜਕਾ ਮਿਲ ਜਾਂਦਾ ਹੈ ਤਾਂ ਉਨ੍ਹਾਂ ਨੂੰ ਵਿੱਤ ਤੋ ਵੱਧ ਖਰਚ ਕਰਨਾ ਪੈਂਦਾ ਹੈ ਜਿਸ ਨਾਲ ਉਨ੍ਹਾਂ ਲਈ ਤੇ ਉਨ੍ਹਾਂ ਦੀਆਂ ਲੜਕੀਆਂ ਲਈ ਬਹੁਤ ਸਮੱਸਿਆ ਪੈਦਾ ਹੋ ਜਾਂਦੀ ਹੈ।

**1.4.4.2 ਲੜਕੇ ਤੇ ਲੜਕੀਆਂ ਵਿੱਚ ਜਾਇਦਾਦ ਦੀ ਵੰਡ ਦੀ ਸਮੱਸਿਆ**

ਸਾਡਾ ਸੰਵਿਧਾਨ ਇਸ ਗੱਲ ਦੀ ਗਵਾਹੀ ਦਿੰਦਾ ਹੈ ਕਿ ਬਾਪ ਦੀ ਜਾਇਦਾਦ ਉੱਪਰ ਸਭ ਲੜਕੀਆਂ ਤੇ ਲੜਕੇ ਬਰਾਬਰ ਦੇ ਹੱਕਦਾਰ ਹੁੰਦੇ ਹਨ।ਅਸਲ ਗੱਲ ਤਾਂ ਇਹ ਹੈ ਕਿ ਪੰਜਾਬ ਦੇ ਮਾਪੇ ਜੋ ਕਿ ਮੂਲ ਰੂਪ ਵਿੱਚ ਸਿੱਖ ਹਨ ਆਪਣੀਆਂ ਜਮੀਨਾਂ ਆਪਣੀਆਂ ਲੜਕੀਆਂ ਨੂੰ ਨਹੀ ਦੇਣਾਂ ਚਾਹੁੰਦੇ।ਕਈ ਹਾਲਤਾਂ ਵਿੱਚ ਬੱਚੇ ਮੁੱਕਦਮੇ ਬਾਜੀ ਵਿੱਚ ਪੈ ਜਾਂਦੇ ਹਨ ਤੇ ਪੱਕੀਆ ਦੁਸ਼ਮਣੀਆਂ ਪੈ ਜਾਂਦੀਆ ਹਨ।

**ਸੱਭਿਆ ਸੁਭਾਵ ਦੀ ਸਮੱਸਿਆ:** ਜਦੋਂ ਗੁਰੂ ਨਾਨਕ ਦੇਵ ਜੀ ਜੋ ਕਿ ਸਿੱਖ ਧਰਮ ਦੇ ਬਾਨੀ ਹਨ ਨੇ ਸਪਸ਼ੱਟ ਸ਼ਬਦਾਂ ਵਿੱਚ ਕਿਹਾ ਹੈ ਕਿ ਔਰਤਾਂ ਗੁਣਵੰਤੀ ਹੁੰਦੀਆਂ ਹਨ ਤੇ ਉਨ੍ਹਾਂ ਨੂੰ ਹਰ ਪੱਖ ਤੋਂ ਸਤਿਕਾਰਿਆ ਜਾਣਾ ਚਾਹੀਦਾ ਹੈ। ਫਿਰ ਵੀ ਅਸਲੀਅਤ ਇਹ ਹੈ ਕਿ ਉਨ੍ਹਾਂ ਨੂੰ ਉਹ ਸਨਮਾਨ ਨਹੀਂ ਦਿੱਤਾ ਜਾਂਦਾ ਜੋ ਕਿ ਦੇਣਾ ਚਾਹੀਦਾ ਹੈ।ਭਾਵੇਂ ਇੱਥੇ ਭਾਰਤ ਦੀਆ ਔਰਤਾਂ ਦੀਆਂ ਸਮੱਸਿਆਵਾਂ ਸਿੱਖਿਆ ਵਿੱਚ ਕਾਫੀ ਘੱਟ ਹਨ, ਫਿਰ ਵੀ ਇਨ੍ਹਾਂ ਨੂੰ ਖਤਮ ਕਰਨ ਦੀ ਲੋੜ ਹੈ ਕਿਉਂਕਿ ਇਸ ਧਰਮ ਦੀਆਂ ਇਸਤਰੀਆਂ ਨੂੰ ਘਟੀਆ ਨਾ ਸਮਝਣ ਦੀਆਂ ਬੜੀਆਂ ਪੱਕੀਆਂ ਨੀਹਾਂ ਉਸਾਰੀਆਂ ਗਈਆਂ ਹਨ।

**1.4.5 ਇਸਾਈ ਔਰਤਾਂ ਦੀਆ ਸਮੱਸਿਆਵਾਂ :**

ਇਨ੍ਹਾਂ ਦੀਆਂ ਸਮੱਸਿਆਂ ਵੀ ਮੂਲ ਰੂਪ ਵਿੱਚ ਹੀ ਮੁਸਲਿਮ ਤੇ ਸਿੱਖ ਇਸਤਰੀਆਂ ਵਾਲੀਆਂ ਮਰਦ ਪ੍ਰਧਾਨ ਸਮਾਜ ਵਾਲੀਆਂ ਹੀ ਹਨ ਜਿਨ੍ਹਾਂ ਦਾ ਵਰਨਣ ਉੱਪਰ ਕੀਤਾ ਜਾ ਚੁੱਕਾ ਹੈ।ਮੂਲ ਰੂਪ ਵਿੱਚ ਉਹ ਵੀ ਮਰਦ ਪ੍ਰਧਾਨ ਸਮਾਜ ਵਿੱਚ ਹੀ ਰਹਿੰਦੀਆ ਹਨ।

**1.4.6 ਪਛੜੀਆਂ ਜਾਤੀਆ ਦੀਆਂ ਔਰਤਾਂ ਦੀਆਂ ਸਮੱਸਿਆਵਾਂ :**

ਇਸ ਗੱਲ ਤੋ ਕੋਈ ਵੀ ਇਨਕਾਰ ਨਹੀ ਕਰ ਸਕਦਾ ਕਿ ਮੰਨੂ ਸਿਮਰਤੀ ਤੇ ਉਨ੍ਹਾਂ ਦੀ ਬ੍ਰਾਹਮਣਾਂ ਦੁਆਰਾ ਕੀਤੇ ਦੁਰਵਿਹਾਰ ਦੇ ਕਾਰਨ ਪਛੜੀਆਂ ਜਾਤੀਆਂ ਦੇ ਲੋਕਾਂ ਨਾਲ ਬਹੁਤ ਦੁਰਵਿਹਾਰ ਕੀਤਾ ਅਤੇ ਕਈ ਵਾਰ ਤਾਂ ਸਾਨੂੰ ਇਸ ਬਾਰੇ ਸ਼ਰਮ ਵੀ ਆਉਂਦੀ ਹੈ। ਭਾਵੇਂ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਦੀ ਵੰਡ ਦੇ ਬਾਰੇ ਆਵਾਜ਼ ਵੀ ਉਠਾਈ ਸੀ ਤੇ ਇਸ ਬਾਰੇ ਰਾਹ ਮੋਕਲਾ ਵੀ ਕੀਤਾ ਸੀ।ਥੋੜ੍ਹਾ ਸਮੇਂ ਪਹਿਲਾ ਮਹਾਤਮਾ ਗਾਂਧੀ ਨੇ ਉਨ੍ਹਾਂ ਨੂੰ ਹਰੀਜਨ ਕਿਹਾ ਸੀ। ਆਜ਼ਾਦੀ ਤੋਂ ਬਾਅਦ ਉਨ੍ਹਾਂ ਨੂੰ ਭਾਰਤੀ ਸੰਵਿਧਾਨ ਵਿੱਚ ਸਥਾਨ ਰਾਖਵੇਂ ਰੱਖਣ ਦੀ ਹਦਾਇਤ ਹਰ ਪ੍ਰਕਾਰ ਦੇ ਕਿੱਤਿਆਂ ਵਿੱਚ ਤੇ ਸਿੱਖਿਅਕ ਸੰਸਥਾਵਾਂ ਵਿੱਚ ਕੀਤੀ ਹੈ।ਇਨ੍ਹਾਂ ਦੇ ਜਦੋਂ ਮਰਦਾਂ ਦੀ ਹਾਲਤ ਬਹੁਤ ਬੁਰੀ ਸੀ ਤਾਂ ਉਨ੍ਹਾਂ ਦੀਆਂ ਇਸਤਰੀਆਂ ਦੀ ਹਾਲਤ ਹੋਰ ਵੀ ਤਰਸਯੋਗ ਸੀ।

ਇਨ੍ਹਾਂ ਹਾਲਤਾਂ ਵਿੱਚ ਜੋ ਰਿਆਇਤਾਂ ਉਨ੍ਹਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਹਨ ਉਹ ਵੀ ਪੂਰਨ ਭਾਂਤ ਉਨ੍ਹਾਂ ਦੀਆਂ ਔਰਤਾਂ ਨੂੰ ਨਹੀਂ ਮਿਲਦੀਆਂ ਇਹ ਠੀਕ ਹੈ ਕਿ ਉਨ੍ਹਾਂ ਲਈ ਕੁਝ ਸਥਾਨ ਤਾਂ ਰਾਖਵਾਂ ਰੱਖਿਆ ਗਿਆ ਹੈ ਤੇ ਉਹ ਕਾਫੀ ਮਾਤਰਾ ਵਿੱਚ ਸਰਕਾਰੀ ਤੇ ਅਰਧ ਸਰਕਾਰੀ ਸਥਾਨਾਂ ਤੇ ਨਿਯੁਕਤ ਹੋ ਰਹੀਆਂ ਹਨ।

ਬਹੁਤ ਥੋੜ੍ਹੀਆਂ ਇਸਤਰੀਆਂ ਅਜਿਹੀਆਂ ਹਨ, ਜਿਨ੍ਹਾਂ ਨੂੰ ਇਨਾਂ ਰਾਖਵੇਂ ਸਥਾਨਾਂ ਦਾ ਲਾਭ ਮਿਲਿਆ ਹੈ।ਕੇਵਲ ਅਜਿਹੇ ਪਰਿਵਾਰ ਹੀ ਇਨ੍ਹਾਂ ਰਾਖਵੇਂ ਹੱਕਾਂ ਦਾ ਲਾਭ ਹੀ ਉਠਾ ਸਕੇ ਹਨ ਤੇ ਆਪਣੇ ਬੱਚਿਆਂ ਨੂੰ ਲਾਭ ਪਹੁੰਚਾ ਸਕੇ ਹਨ। ਹਾਲਾਤ ਅਜਿਹੇ ਹਨ ਕਿ ਬਹੁਤੀਆਂ ਪੱਛੜੀਆਂ ਸ਼ੇਣੀਆਂ ਦੀਆਂ ਇਸਤਰੀਆਂ ਤੇ ਲੜਕੀਆਂ ਵਿੱਚ ਬਹੁਤ ਘੱਟ ਹੀ ਵਿਤਕਰਾ ਪਾਇਆ ਹੈ। ਬਹੁਤੇ ਰਾਖਵੇਂ ਸਾਥਾਨ ਨੂੰ ਇਕ ਉਪਰਲੇ ਪਰਿਵਾਰਾਂ ਦੇ ਕਬਜੇ ਵਿੱਚ ਆ ਗਏ ਹਨ ਤੇ ਉਹ ਉਸ ਤੋਂ ਲਾਭ ਉਠਾ ਰਹੇ ਹਨ। ਬਾਕੀ ਦੂਸਰੇ ਬਹੁਤੇ ਪਰਿਵਾਰ ਤਾਂ ਛੋਟੇ-2 ਕੰਮ ਕਾਰ ਹੀ ਕਰਦੇ ਹਨ ਤੇ ਗੁਰਬਤ ਵਿੱਚ ਰਹਿਦੇ ਹਨ।

**1.4.6.1 ਸਮਾਜਿਕ ਵਿਤਕਰੇ ਤੇ ਮਰਦ ਪ੍ਰਧਾਨ ਸਮਾਜ ਦੇ ਦੁੱਖ :**

ਉਨ੍ਹਾਂ ਕੁਝ ਇੱਕ ਪਰਿਵਾਰਾਂ ਨੂੰ ਛੱਡ ਕੇ ਜਿਨ੍ਹਾਂ ਨੇ ਕਿ ਰਾਖਵੇਂ ਹੱਕਾਂ ਦੀ ਮਲਾਈ ਖਾ ਲਈ ਹੈ ਬਾਕੀ ਬਹੁਤੀਆਂ ਇਸਤਰੀਆਂ ਜ਼ਮੀਨ ਪ੍ਰਕਾਰ ਦੇ ਕੰਮ ਹੀ ਕਰ ਰਹੀਆਂ ਹਨ ਤੇ ਉਨ੍ਹਾਂ ਨੂੰ ਕਾਫੀ ਨੀਵੀਂ ਪ੍ਰਕਾਰ ਦੀਆਂ ਉਜਰਤਾਂ ਦਿੱਤੀਆਂ ਜਾਂਦੀਆ ਹਨ ਤਾਂ ਕਿ ਉਨ੍ਹਾਂ ਦਾ ਗੁਜ਼ਾਰਾ ਹੀ ਹੋ ਸਕੇ। ਅਜਿਹੇ ਹੁੰਦਿਆਂ ਹੋਇਆਂ ਵੀ ਮਰਦਾਂ ਦਾ ਘੁਮੰਡ ਘੱਟ ਨਹੀਂ ਹੁੰਦਾ ਤੇ ਉਹ ਉਨ੍ਹਾਂ ਨਾਲ ਦੁਰਵਿਹਾਰ ਵੀ ਕਰਦੇ ਹਨ। ਅਜਿਹੇ ਹਾਲਾਤ ਵਿੱਚ ਵੀ ਉਹ ਘਰ ਵਿੱਚ ਖਾਣਾ ਪਹਿਲਾ ਆਪਣੇ ਪਤੀ ਨੂੰ ਖਿਲਾਉਂਦੀਆ ਹਨ ਤੇ ਫਿਰ ਬੱਚਿਆਂ ਨੂੰ ਖਿਲਾ ਕੇ ਆਪ ਰਹਿੰਦ ਖੂੰਦ ਨਾਲ ਗੁਜ਼ਾਰਾ ਕਰ ਲੈਂਦੀਆਂ ਹਨ। ਅਜਿਹੇ ਸਭ ਕੁਝ ਕਰਨ ਨਾਲ ਵੀ ਗਾਲ਼ੀ ਗਲੋਚ ਸਹਿਣਾ ਪੈਂਦਾ ਹੈ ਤੇ ਕਈ ਵਾਰ ਮਾਰ ਵੀ ਖਾਣੀ ਪੈਂਦੀ ਹੈ।

**1.4.6.2 ਗੈਰ ਸਿਹਤਵੰਦ ਬਹੁਜਨਣਾ :** ਬਹੁਤੇ ਹਾਲਾਤ ਵਿੱਚ ਉਹ ਤੰਗ ਤੇ ਗੰਦੇ ਘਰਾਂ ਵਿੱਚ ਰਹਿੰਦੀਆ ਹਨ ਜਿੱਥੇ ਮਨ ਪ੍ਰਚਾਵੇ ਦੇ ਕੋਈ ਵੀ ਸਾਧਨ ਨਹੀ ਹੁੰਦੇ ਤੇ ਉਨ੍ਹਾਂ ਨੂੰ ਪਰਿਵਾਰ ਨਿਯੋਜਨ ਦਾ ਗਿਆਨ ਵੀ ਨਹੀਂ ਹੁੰਦਾ।ਉਹ ਗੈਰ ਸੁੱਰਖਿਅਤ ਕੰਮ ਕਰਦੀਆਂ ਹਨ ਤੇ ਗੈਰ ਲੋੜੀਦੇ ਗਰਭਾਂ ਵਿੱਚ ਫਸ ਜਾਂਦੀਆਂ ਹਨ ਜਦੋਂ ਕਿ ਉਨ੍ਹਾਂ ਪਾਸ ਬੱਚਿਆਂ ਨੂੰ ਪਾਲਣ ਦੇ ਵਸੀਲੇ ਵੀ ਨਹੀਂ ਹੁੰਦੇ।ਇਸ ਪ੍ਰਕਾਰ ਉਨ੍ਹਾਂ ਦੀਆਂ ਮੁਸ਼ਕਲਾਂ ਵੱਧ ਜਾਂਦੀਆ ਹਨ। ਉਨ੍ਹਾਂ ਨੂੰ ਪਰਿਵਾਰ ਦੇ ਆਕਾਰ ਦਾ ਫੈਸਲਾ ਕਰਨ ਦਾ ਕੋਈ ਹੱਕ ਨਹੀਂ ਹੁੰਦਾ।ਉਨ੍ਹਾਂ ਨੂੰ ਕਈ ਛੋਟੇ-2 ਬੱਚਿਆਂ ਦੀ ਦੇਖ ਭਾਲ ਵੀ ਕਰਨੀ ਪੈਂਦੀ ਹੈ।ਇਸ ਪ੍ਰਕਾਰ ਉਨ੍ਹਾਂ ਦਾ ਜੀਵਨ ਇਕ ਪ੍ਰਕਾਰ ਦਾ ਨਰਕ ਹੀ ਬਣ ਜਾਂਦਾ ਹੈ।ਉਨ੍ਹਾਂ ਨੂੰ ਮਜ਼ਦੂਰੀ ਵੀ ਕਰਨੀ ਪੈਂਦੀ ਹੈ ਕਿਉਂਕਿ ਉਨ੍ਹਾਂ ਦੀ ਆਮਦਨ ਸੀਮਤ ਹੀ ਹੁੰਦੀ ਹੈ।ਬਹੁਤਾਂ ਹਾਲਾਤਾਂ ਵਿੱਚ ਉਹ ਔਰਤਾਂ ਆਪਣੇ ਬੱਚਿਆਂ ਨੂੰ ਸਕੂਲ ਸਿਰਫ ਦੁਪਹਿਰ ਦਾ ਖਾਣਾ ਮੁਫ਼ਤ ਖਾਣ ਲਈ ਹੀ ਘੱਲਦੀਆ ਹਨ ਤੇ ਉਹ ਪੜ੍ਹਾਈ ਘੱਟ ਹੀ ਕਰਦੇ ਹਨ।ਇਸ ਪ੍ਰਕਾਰ ਦੀ ਪੜ੍ਹਾਈ ਨਾਲ ਉਨ੍ਹਾਂ ਦੇ ਬੱਚਿਆਂ ਦੀ ਹਾਲਤ ਵੀ ਮਾੜੀ ਹੋ ਜਾਂਦੀ ਹੈ ਕਿਉਂਕਿ ਉਹ ਬਿਨ੍ਹਾਂ ਪੜ੍ਹੇ ਹੀ ਅਗਲੀਆਂ ਜਮਾਤਾਂ ਵਿੱਚ ਚੜ੍ਹਾ ਦਿੱਤੇ ਜਾਂਦੇ ਹਨ।ਉਹ ਪੜ੍ਹਾਈ ਵਿੱਚ ਹੀ ਛੱਡ ਕੇ ਮਜ਼ਦੂਰੀ ਕਰਨ ਲੱਗ ਜਾਂਦੇ ਹਨ ਤੇ ਉਹ ਗ਼ਲਤ ਕੰਮ ਵਿੱਚ ਪੈ ਜਾਂਦੇ ਹਨ। ਇਸ ਦੇ ਫਲਸਰੂਪ ਨਾਬਾਲਗ ਬੱਚਿਆਂ ਦਾ ਜੁਰਮ ਵੱਧ ਜਾਂਦਾ ਹੈ।ਮੋਟੇ ਤੋਰ 'ਤੇ ਇਨ੍ਹਾਂ ਦੀ ਹਾਲਤ ਸਿਵਾਏ ਕੁਝ ਇੱਕ ਔਰਤਾਂ ਤੋਂ ਬਹੁਤ ਬੁਰੀ ਹੁੰਦੀ ਹੈ।ਇਸ ਦਾ ਇਕ ਹੱਲ ਇਹ ਵੀ ਹੋ ਸਕਦਾ ਹੈ ਕਿ ਇਨ੍ਹਾਂ ਨੂੰ ਵੱਖ-2 ਭਾਂਤ ਦੀਆਂ ਸਿੱਖਿਆ ਸੁਵਿਧਾਵਾਂ ਪ੍ਰਦਾਨ ਕੀਤੀਆਂ ਜਾਣ।

**1.4.7 ਪੱਟੀਦਰ ਕਬੀਲਿਆਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ :**

ਭਾਵੇਂ ਪੱਟੀਦਰ ਕਬੀਲੀਆਂ ਦੀਆਂ ਸਮੱਸਿਆਵਾਂ ਪਛੜੀਆਂ ਜਾਤਾਂ ਵਾਲੀਆਂ ਔਰਤਾ ਵਾਲੀਆਂ ਹੀ ਹੁੰਦੀਆਂ ਹਨ।ਫਿਰ ਵੀ ਇਨ੍ਹਾਂ ਦੀ ਸਥਿਤੀ ਹੋਰ ਵੀ ਗੰਭੀਰ ਹੁੰਦੀ ਹੈ ਕਿਉਂਕਿ ਪੱਛੜੀਆਂ ਜਾਤੀਆਂ ਵਾਲੀਆਂ ਔਰਤਾਂ ਆਮ ਲੋਕਾਂ ਵਿੱਚ ਵਿਚਰਦੀਆਂ ਹਨ ਤੇ ਕੁਝ ਹੱਦ ਤੱਕ ਆਮ ਲੋਕਾਂ ਨਾਲ ਮੇਲ-ਮਿਲਾਪ ਵੀ ਕਰਦੀਆਂ ਹਨ ਪੱਟੀਦਰ ਕਬੀਲਿਆਂ ਦੀਆਂ ਔਰਤਾਂ ਬਹੁਤ ਪੱਛੜੇ ਹੋਏ ਇਲਾਕਿਆਂ ਦੀਆਂ ਨੁਕਰਾਂ ਵਿੱਚ ਹੀ ਰਹਿੰਦੀਆਂ ਹਨ। ਉਹ ਆਮ ਕਰਕੇ ਇਕੱਲੀਆਂ ਹੀ ਪੈ ਜਾਂਦੀਆਂ ਹਨ ਤੇ ਆਪਣੇ ਰੀਤੀ ਰਿਵਾਜਾਂ ਤੋਂ ਬਾਹਰ ਨਹੀਂ ਨਿਕਲ ਸਕਦੀਆਂ।ਬਹੁਤੇ ਹਾਲਾਤਾਂ ਵਿੱਚ ਤਾਂ ਪੱਟੀਦਰ ਕਬੀਲਿਆਂ ਦੇ ਲੋਕ ਸਰਕਾਰ ਵਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਲੈਣ ਤੋਂ ਇਨਕਾਰ ਵੀ ਕਰ ਦਿੰਦੇ ਹਨ ਜਿਵੇਂ ਕਿ ਸਕੂਲ ਖੋਲ੍ਹਣਾ, ਹਸਪਤਾਲ ਬਨਾਉਣਾ ਤੇ ਖੇਤੀਬਾੜੀ

ਦੇ ਨਵੇਂ ਢੰਗ ਅਪਨਾਉਣਾ।ਕਈ ਇਲਾਕਿਆਂ ਵਿੱਚ ਜਿਵੇਂ ਕਿ ਕਿਨੌਰ ਜ਼ਿਲੇ ਦੇ ਹਿਮਾਚਲ ਵਿੱਚ ਇਕ ਔਰਤ ਦੇ ਕਈ ਪਤੀ ਹੁੰਦੇ ਹਨ। ਸਭ ਨਾਲੋਂ ਵੱਡੇ ਭਰਾ ਦਾ ਵਿਆਹ ਹੁੰਦਾ ਹੈ ਤੇ ਉਹ ਸਾਰੇ ਭਰਾਵਾਂ ਦੀ ਹੀ ਵਹੁਟੀ ਹੁੰਦੀ ਹੈ। ਉਨ੍ਹਾਂ ਨੂੰ ਪਰਿਵਾਰ ਦੀ ਭਲਾਈ ਦੀਆਂ ਕੀਮਤਾਂ ਦਾ ਕੋਈ ਵੀ ਗਿਆਨ ਨਹੀਂ ਹੁੰਦਾ ਤੇ ਉਨ੍ਹਾਂ ਨੇ ਸਾਰਾ ਦੁੱਖ ਆਪਣੇ ਆਪ ਤੇ ਹੀ ਝੱਲਣਾ ਹੁੰਦਾ ਹੈ। ਇਸ ਪ੍ਰਕਾਰ ਹੀ ਕਈ ਔਰਤ ਪ੍ਰਧਾਨ ਕਬੀਲੇ ਵੀ ਹੁੰਦੇ ਹਨ ਜਿਥੇ ਬਹੁਤੀਆਂ ਔਰਤਾਂ ਇਕ ਪਤੀ ਦੇ ਨਾਲ ਹੀ ਰਹਿੰਦੀਆਂ ਹਨ ਤੇ ਸਾਰਾ ਕੰਮ ਕਰਦੀਆਂ ਹਨ। ਮਰਦ ਬਹੁਤ ਘੱਟ ਕੰਮ ਕਰਦੇ ਹਨ। ਇਸ ਪ੍ਰਕਾਰ ਦੇ ਕਈ ਕਬੀਲੇ ਸਮੁੰਦਰ ਦੇ ਕੰਡਿਆਂ 'ਤੇ ਹੀ ਰਹਿੰਦੇ ਹਨ ਤੇ ਬਾਕੀ ਦੁਨੀਆਂ ਨਾਲੋਂ ਵੱਖਰਾ ਜੀਵਨ ਹੀ ਜਿਉਂਦੇ ਹਨ।ਇਨ੍ਹਾਂ ਦੀ ਕੁਝ ਇਕ ਔਰਤ ਦੀਆਂ ਸਮੱਸਿਆਵਾਂ ਇਸ ਪ੍ਰਕਾਰ ਦੀਆਂ ਹੁੰਦੀਆਂ ਹਨ।

1) ਗੈਰਸਿਹਤਮੰਦ ਵਾਤਾਵਰਣ ਤੇ ਬਹੁ-ਗਰਭ ਠਹਿਰਣਾ
2) ਅਣਪੜ੍ਹਤਾ
3) ਇਕੱਲਾਪਣ ਤੇ ਅਗਿਆਣਤਾ
4) ਨਵੀਂ ਦੁਨਿਆਂ ਬਾਬਤ ਗਿਆਨ ਦਾ ਅਭਾਵ
5) ਘੱਟ ਡਾਕਟਰੀ ਤੇ ਸਿੱਖਿਆ ਦੀਆ ਸਮਸਿਆਵਾਂ
6) ਉਨ੍ਹਾਂ ਦੇ ਪੁਰਾਣੇ ਤੇ ਗਲੇ ਸੜੇ ਰੀਤੀ ਰਿਵਾਜ

**1.4.8 ਸੰਖੇਪ :** ਮੂਲ ਰੂਪ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿੱਚ ਘੱਟ ਗਿਣਤੀ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਜਿਵੇ ਕਿ ਮੁਸਲਿਮ, ਸਿੱਖ, ਇਸਾਈ, ਅਨੁਸੂਚਿਤ ਜਾਤੀ, ਪਟੀਦਰ ਕਬੀਲੀਆ ਆਦਿ ਦੀਆਂ ਸਮੱਸਿਆਵਾਂ ਮੂਲ ਰੂਪ ਵਿੱਚ ਵੱਧ ਗਿਣਤੀ ਦੀਆਂ ਔਰਤਾਂ ਨਾਲੋਂ ਕਿਸੇ ਪੱਖੋਂ ਵੀ ਵਧੀਆ ਨਹੀਂ ਹਨ। ਭਾਵੇਂ ਉਨ੍ਹਾਂ ਦੇ ਹਾਲਾਤ ਨੂੰ ਸਮਾਜਿਕ ਲਿੰਗ ਸੰਬੰਧੀ, ਸੰਸਕ੍ਰਿਤਿਕ ਕੀਮਤਾਂ ਵਿਤਕਰੇ ਨੂੰ ਸੁਧਾਰਨ ਲਈ ਕਈ ਕਾਨੂੰਨ ਬਣਾਏ ਗਏ ਹਨ, ਪਰ ਉਨ੍ਹਾਂ ਦੇ ਹਾਲਾਤ ਬਹੁਤ ਘੱਟ ਹੀ ਸੁਧਰੇ ਹਨ ਤੇ ਉਨ੍ਹਾਂ ਦਾ ਵਕਾਰ ਘੱਟ ਹੀ ਉੱਭਰਿਆ ਹੈ। ਉਨ੍ਹਾਂ ਦੇ ਹਾਲਾਤ ਨੂੰ ਸੁਧਾਰਨ ਤੇ ਉਨ੍ਹਾਂ ਵਕਾਰ ਨੂੰ ਬਣਾਉਣ ਦਾ ਇੱਕ ਢੰਗ ਇਹ ਵੀ ਹੈ ਕਿ ਉਨ੍ਹਾਂ ਦੀਆਂ ਸਿੱਖਿਆ ਦੀਆਂ ਸੁਵਿਧਾਵਾਂ ਹੋਰ ਵੀ ਪ੍ਰਫੁੱਲਿਤ ਕੀਤੀਆਂ ਜਾਣ ਤੇ ਉਨ੍ਹਾਂ ਦੇ ਵਿਤਕਰੇ ਨੂੰ ਦੂਰ ਕੀਤਾ ਜਾਵੇ।ਦੁਨੀਆਂ ਭਰ ਵਿੱਚ ਕੀਤੀਆਂ ਖੋਜਾਂ ਨੇ ਇਹ ਪਤੱਖ ਕਰ ਦਿੱਤਾ ਹੈ ਕਿ ਕੋਈ ਵੀ ਸੇਵਾਵਾਂ ਅਜਿਹੀਆਂ ਨਹੀਂ ਹਨ ਜਿਨ੍ਹਾਂ ਵਿੱਚ ਮਰਦ ਹੀ ਕੰਮ ਕਰ ਸਕਦੇ ਹਨ ਤੇ ਔਰਤਾਂ ਹਰ ਕੰਮ ਨੂੰ ਮਰਦਾਂ ਦੇ ਬਰਾਬਰ ਸੁਹਿਰਦਰਤਾ ਨਾਲ ਕਰ ਸਕਦੀਆਂ ਹਨ।ਇਹ ਅਸੂਲ ਭਾਰਤ ਤੇ ਵੀ ਲਾਗੂ ਹੁੰਦਾ ਹੈ।ਉਨ੍ਹਾਂ ਦੀ ਸਿੱਖਿਆ ਨੂੰ ਹਰ ਪ੍ਰਕਾਰ ਤੋਂ ਪ੍ਰਫੁੱਲਿਤ ਕੀਤਾ ਜਾ ਰਿਹਾ ਹੈ ਤੇ ਉਨ੍ਹਾਂ ਨੂੰ ਫੌਜ, ਪੁਲਿਸ, ਪ੍ਰਸ਼ਾਸਨਿਕ ਸੇਵਾਵਾਂ, ਖੇਤੀਬਾੜੀ ਤੇ ਇਨ੍ਹਾਂ ਨਾਲ ਸੰਬੰਧਿਤ ਸੇਵਾਵਾਂ ਨਾਲ ਜੋੜਿਆ ਜਾ ਰਿਹਾ ਹੈ। ਆਸ ਇਹ ਕੀਤੀ ਜਾਂਦੀ ਹੈ ਕਿ ਆਉਣ ਵਾਲੇ ਸਮੇਂ ਵਿੱਚ ਭਾਰਤੀ ਇਸਤਰੀਆਂ ਤੇ ਵਿਸ਼ੇਸ ਕਰਕੇ ਘੱਟ ਗਿਣਤੀ ਦੀਆਂ ਇਸਤਰੀਆਂ ਦੇ ਹਾਲਾਤ ਵਿੱਚ ਸੁਧਾਰ ਆਵੇਗਾ ਤੇ ਉਨ੍ਹਾਂ ਦੀਆਂ ਸਮੱਸਿਆਵਾਂ ਤੇ ਵਿਤਕਰੇ ਘਟਣਗੇ।

**1.4.9 ਸਵੈ-ਮੁਲਾਂਕਣ ਲਈ ਪ੍ਰਸ਼ਨ**

1) ਸਿੱਖ ਔਰਤਾਂ ਦੀਆਂ ਸਿੱਖਿਆ ਸੰਬਧੀ ਸਮੱਸਿਆਵਾਂ ਤੇ ਚਾਨਣਾ ਪਾਓ।

______________________________

______________________________

2) ਇਸਾਈ ਔਰਤਾਂ ਦੀਆਂ ਸਿੱਖਿਆ ਸੰਬਧੀ ਕੀ-ਕੀ ਸਮੱਸਿਆਵਾਂ ਹਨ।

______________________________

______________________________

### 1.4.10 ਸੁਝਾਏ ਪ੍ਰਸ਼ਨ:

1) ਮੁਸਲਿਮ ਔਰਤਾਂ ਦੀ ਸਿੱਖਿਆ ਬਾਰੇ ਵਿਸਥਾਰ ਪੂਰਵਕ ਵਰਨਣ ਕਰੋ।
2) ਸਮਾਜਿਕ ਵਿਤਕਰੇ ਤੇ ਮਰਦ ਪ੍ਰਧਾਨ ਸਮਾਜ ਦੇ ਦੁੱਖ ਦਾ ਸਿੱਖਿਆਂ ਨਾਲ ਕੀ ਸਬੰਧ ਹੈ ਵਿਆਖਿਆ ਕਰੋ।
3) ਪੱਟੀਦਾਰ ਕਬੀਲੀਆਂ ਦੀਆਂ ਔਰਤਾਂ ਦੀਆਂ ਸਮੱਸਿਆਵਾਂ ਤੇ ਚਾਨਣ ਪਾਉ।

### 1.4.11 ਸੁਝਾਈਆਂ ਪੁਸਤਕਾਂ:

1) ਡਾ.ਟੀ.ਐਸ.ਸੋਢੀ : ਭਾਰਤੀ ਸਿੱਖਿਆ ਤੇ ਉਸ ਦੀਆਂ ਸਮੱਸਿਆਵਾਂ
2) ਡਾ.ਟੀ.ਐਸ.ਸੋਢੀ : ਬਾਲਗ ਸਿੱਖਿਆਂ

**ਪਾਠ ਨੰ: 1.5**

# ਭਵਿੱਖ ਵਿੱਚ ਇਸਤਰੀ ਸਿੱਖਿਆ ਵੱਲ ਝੁਕਾਅ

**ਪਾਠ ਦੀ ਬਣਤਰ**

1.5.1 ਉਦੇਸ਼
1.5.2 ਜਾਣ-ਪਛਾਣ
1.5.3 ਇਸਤਰੀ ਸਿੱਖਿਆ ਦੀ ਮਹੱਤਤਾ
1.5.4 ਭਾਰਤ ਵਿੱਚ ਇਸਤਰੀ ਸਿੱਖਿਆ ਦਾ ਵਿਕਾਸ
1.5.5 ਭਵਿੱਖ ਵਿੱਚ ਇਸਤਰੀ ਸਿੱਖਿਆ ਵੱਲ ਝੁਕਾਅ
1.5.6 ਸਾਰ
1.5.7 ਸੁਝਾਏ ਪ੍ਰਸ਼ਨ
1.5.8 ਸੁਝਾਈਆਂ ਪੁਸਤਕਾਂ

**1.5.1 ਉਦੇਸ਼:** ਇਹ ਪਾਠ ਪੜ੍ਹਨ ਤੋਂ ਬਾਅਦ ਵਿਦਿਆਰਥੀ ਯੋਗ ਹੋ ਜਾਣਗੇ ਕਿ :

1. ਉਹ ਇਸਤਰੀ ਸਿੱਖਿਆ ਦੀ ਮਹੱਤਤਾ ਬਾਰੇ ਸਮਝ ਸਕਣ।
2. ਭਾਰਤ ਵਿੱਚ ਇਸਤਰੀ ਸਿੱਖਿਆ ਦੀ ਸਥਿਤੀ ਬਾਰੇ ਜਾਣ ਸਕਣ।
3. ਇਸਤਰੀ ਸਿੱਖਿਆ ਦੇ ਭਵਿੱਖ ਬਾਰੇ ਚਰਚਾ ਕਰ ਸਕਣ।
4. ਇਸਤਰੀ ਸਿੱਖਿਆ ਦਾ ਭਵਿੱਖ ਦੇ ਰੋਜ਼ਗਾਰ ਝੁਕਾਅ ਨਾਲ ਸੰਬੰਧ ਸਮਝ ਸਕਣ।

**1.5.2 ਜਾਣ-ਪਛਾਣ :**

ਪਿਛਲੇ ਸਮੇਂ ਦੌਰਾਨ ਭਾਰਤ ਵਿੱਚ ਇਸਤਰੀਆਂ ਦੀ ਸਥਿਤੀ ਸੰਬੰਧੀ ਕਈ ਉਤਾਰ-ਚੜਾਅ ਆਉਂਦੇ ਰਹੇ ਹਨ। ਪ੍ਰਾਚੀਨ ਕਾਲ ਤੋਂ ਮੱਧ ਕਾਲੀਨ ਤੱਕ ਇਸਤਰੀਆਂ ਦੇ ਡਿੱਗਦੇ ਪੱਧਰ ਨੂੰ ਸੁਧਾਰਕਾਂ ਨੇ ਬਰਾਬਰ ਹੱਕ ਦੇ ਕੇ ਸੁਧਾਰਣ ਦੀ ਕੋਸ਼ਿਸ਼ ਕੀਤੀ। ਇਸ ਤਰ੍ਹਾਂ ਇਸਤਰੀਆਂ ਦੀ ਸਥਿਤੀ ਦਾ ਇਤਿਹਾਸ ਘਟਨਾਪੂਰਨ ਰਿਹਾ। ਅਜੋਕੇ ਸਮੇਂ ਵਿੱਚ ਵਧੇਰੇ ਔਰਤਾਂ ਉੱਚ ਦਰਜੇ ਦੇ ਅਹੁਦਿਆਂ ਵਿੱਚ ਕੰਮ ਕਰਦੀਆਂ ਜਿਨ੍ਹਾਂ ਵਿੱਚ ਰਾਸ਼ਟਰਪਤੀ, ਪ੍ਰਧਾਨ ਮੰਤਰੀ ਲੋਕ ਸਭਾ ਸਪੀਕਰ ਆਦਿ ਵੀ ਸ਼ਾਮਲ ਹਨ।

ਇਸਤਰੀਆਂ ਦੇ ਅਧਿਕਾਰ ਭਾਰਤ ਦੇ ਸੰਵਿਧਾਨ ਦੁਆਰਾ ਸੁਰੱਖਿਅਤ ਕੀਤੇ ਗਏ ਹਨ ਜਿਨ੍ਹਾਂ ਵਿੱਚ ਸਮਾਨਤਾ, ਆਜ਼ਾਦੀ, ਸਤਿਕਾਰ ਆਦਿ ਸ਼ਾਮਲ ਹਨ। ਇਸ ਦੇ ਬਾਵਜੂਦ ਵੀ ਭਾਰਤੀ ਔਰਤਾਂ ਅਨੇਕਾਂ ਸਮੱਸਿਆਵਾਂ ਜਿਵੇਂ ਹਿੰਸਾ, ਬਲਾਤਕਾਰ, ਤੇਜ਼ਾਬ ਸੁੱਟਣਾ, ਦਹੇਜ਼ ਆਦਿ ਦਾ ਸਾਹਮਣਾ ਕਰਨਾ ਪੈਂਦਾ ਹੈ।

ਅਜੋਕੇ ਸਮੇਂ ਵਿੱਚ ਔਰਤਾਂ ਵੱਖੋ ਵੱਖਰੇ ਖੇਤਰ ਜਿਵੇਂ ਸਿੱਖਿਆ, ਖੇਡ, ਰਾਜਨੀਤੀ, ਮੀਡੀਆ, ਕਲਾ ਅਤੇ ਸੱਭਿਆਚਾਰ, ਸਰਵਿਸ ਸੈਕਟਰ, ਸਾਇੰਸ ਅਤੇ ਤਕਨਾਲੋਜ਼ੀ ਆਦਿ ਵਿੱਚ ਕਿਰਿਆਸ਼ੀਲ ਹਨ।

ਜਿੱਥੋਂ ਤੱਕ ਸਿੱਖਿਆ ਵਿੱਚ ਸਮਾਨਤਾ ਦੀ ਗੱਲ ਹੈ ਮਰਦ ਅਤੇ ਔਰਤਾਂ ਲਈ ਮਹੱਤਵਪੂਰਨ ਹੈ। ਭਾਰਤ ਵਿੱਚ ਇਸਤਰੀਆਂ ਦੀ ਹਾਲਤ ਬੇਹਤਰ ਕਰਨ ਲਈ ਸਮੇਂ ਸਮੇਂ ਤੇ ਕਦਮ ਚੁੱਕੇ ਜਾਂਦੇ ਹਨ। 2001 ਵਿੱਚ ਪੂਰਾ ਸਾਲ 'ਵਿਮੈਨ ਇਮਪਾਵਰਮੈਂਟ ਈਅਰ' ਦੇ ਤੌਰ ਤੇ ਮਨਾਇਆ ਗਿਆ। ਇਸੇ ਸਾਲ ਦੌਰਾਨ ਰਾਸ਼ਟਰੀ ਮਹਿਲਾ

ਸ਼ਸ਼ਕਤੀਕਰਨ ਨੀਤੀ 2001 ਨੂੰ ਲਾਗੂ ਕੀਤਾ। ਪੂਰੀ ਦੁਨੀਆ ਵਿੱਚ ਔਰਤਾਂ ਨੇ ਅਨੇਕਾਂ ਰੁਕਾਵਟਾਂ ਦਾ ਸਾਹਮਣਾ ਕਰਕੇ ਆਪਣੀ ਸਥਿਤੀ ਨੂੰ ਮਜ਼ਬੂਤ ਕੀਤਾ ਹੈ। ਇਹਨਾਂ ਸਭ ਰੁਕਾਵਟਾਂ ਦੇ ਬਾਵਜੂਦ ਵੀ ਭਾਰਤ ਚੰਗੇ ਲਈ ਬਦਲ ਰਿਹਾ ਹੈ। ਔਰਤਾਂ ਦੀ ਸਿੱਖਿਆ ਅਤੇ ਸਥਿਤੀ ਨੂੰ ਬੇਹਤਰ ਕਰਨ ਵਾਸਤੇ ਕਈ ਤਰ੍ਹਾਂ ਦੇ ਪ੍ਰੋਗਰਾਮ ਅਤੇ ਲਹਿਰਾਂ ਚਲਾਈਆਂ ਜਾ ਰਹੀਆਂ ਹਨ।

### 1.5.3 ਇਸਤਰੀ ਸਿੱਖਿਆ ਦੀ ਮਹੱਤਤਾ :

ਸਿੱਖਿਆ ਹਰੇਕ ਮਨੁੱਖ ਦਾ ਮੁੱਢਲਾ ਅਧਿਕਾਰ ਹੈ। ਸਿੱਖਿਆ ਹੀ ਸਮਾਜ ਦੇ ਵਿਕਾਸ ਦਾ ਆਧਾਰ ਹੈ। ਔਰਤਾਂ ਸਮੁਦਾਇ ਦਾ ਇੱਕ ਅਨਿੱਖੜਵਾਂ ਅੰਗ ਹੈ। ਸਮਾਜ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਵੀ ਔਰਤਾਂ ਨੂੰ ਪ੍ਰਾਪਤ ਹੋਈ ਸਿੱਖਿਆ ਤੇ ਆਧਾਰਿਤ ਹੈ। ਇਸ ਤਰ੍ਹਾਂ ਇਸਤਰੀ ਸਿੱਖਿਆ ਨੂੰ ਸਮਾਜਿਕ ਵਿਕਾਸ ਦਾ ਇੱਕ ਮਜ਼ਬੂਤ ਹਿੱਸਾ ਮੰਨਿਆ ਜਾਂਦਾ ਹੈ ਕਿਉਂਕਿ ਪੜ੍ਹੀਆਂ ਲਿਖੀਆਂ ਇਸਤਰੀਆਂ ਪਰਿਵਾਰ ਦੀ ਚੰਗੀ ਦੇਖ-ਰੇਖ ਕਰ ਸਕਦੀਆਂ ਹਨ ਅਤੇ ਇਸ ਦੇ ਨਾਲ-ਨਾਲ ਸਮਾਜ ਦੇ ਇੱਕ ਚੰਗੇ ਮੈਂਬਰ ਹੋਣ ਦੇ ਨਾਲ ਆਪਣੇ ਬੱਚਿਆਂ ਨੂੰ ਸਹੀ ਸਿੱਖਿਆ ਪ੍ਰਦਾਨ ਕਰ ਸਕਦੀਆਂ ਹਨ।

ਭਾਰਤ ਦੀ ਆਬਾਦੀ ਦਾ ਕੁੱਲ 50 ਪ੍ਰਤੀਸ਼ਤ ਹਿੱਸਾ ਔਰਤਾਂ ਹਨ। ਪਰੰਤੂ ਸਿੱਖਿਆ ਦੀ ਕਮੀ ਕਾਰਨ ਔਰਤਾਂ ਨੂੰ ਰਾਸ਼ਟਰ ਦੇ ਵਿਕਾਸ ਵਿੱਚ ਹਿੱਸੇਦਾਰੀ ਪਾਉਣ ਦਾ ਮੌਕਾ ਨਹੀਂ ਮਿਲਦਾ। ਇਸ ਕਾਰਨ ਔਰਤ ਅਤੇ ਮਰਦਾਂ ਦੀ ਸਿੱਖਿਆ ਦੇ ਨਾਲ-ਨਾਲ ਉਹਨਾਂ ਦੀ ਸਥਿਤੀ ਵਿੱਚ ਬਹੁਤ ਵੱਡਾ ਅੰਤਰ ਹੈ। ਔਰਤਾਂ ਆਪਣੀ ਜ਼ਿੰਦਗੀ ਦੌਰਾਨ ਵੱਖੋ-ਵੱਖਰੇ ਰੋਲ ਅਦਾ ਕਰਦੀ ਹੈ ਜਿਵੇਂ ਘਰ ਵਿੱਚ, ਆਫਿਸ ਵਿੱਚ, ਮਾਤਾ, ਪਤਨੀ, ਭੈਣ, ਪੁੱਤਰੀ, ਵਰਕਰ, ਲੀਡਰ ਅਤੇ ਸਿਟੀਜਨ ਆਦਿ। ਉਨੀਂਵੀ ਅਤੇ ਵੀਹਵੀਂ ਸਦੀ ਦੀ ਦੌਰਾਨ ਅਨੇਕਾਂ ਲਹਿਰਾਂ ਅਤੇ ਪ੍ਰੋਗਰਾਮਾਂ ਦੁਆਰਾ ਔਰਤਾਂ ਨਾਲ ਸੰਬੰਧਿਤ ਕੁਰੀਤੀਆਂ ਜਿਵੇਂ ਸਤੀ ਪ੍ਰਥਾ, ਹਿੰਸਾ, ਬੇਰੁਜ਼ਗਾਰੀ ਅਤੇ ਬਾਲ ਵਿਆਹ ਆਦਿ ਨੂੰ ਖਤਮ ਕੀਤਾ ਗਿਆ ਹੈ। ਲਿੰਗ ਸਮਾਨਤਾ ਦੇ ਸੂਤਰ ਨੂੰ ਪ੍ਰਾਪਤ ਕਰਨ ਲਈ 2001 ਸਾਲ ਵਿੱਚ ਇਸਤਰੀ ਸ਼ਸ਼ਕਤੀਕਰਨ ਨੀਤੀ ਬਣਾਈ ਗਈ। ਇਸਤਰੀ ਸਿੱਖਿਆ ਵੀ ਲਿੰਗ ਸਮਾਨਤਾ ਤੱਕ ਪਹੁੰਚਣ ਦੀ ਇੱਕ ਜ਼ਰੀਆ ਹੈ। ਸਿੱਖਿਆ ਦੁਆਰਾ ਇਸਤਰੀਆਂ ਨੂੰ ਸਿਹਤ, ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਖੇਤਰ ਵਿੱਚ ਅੱਗੇ ਲਿਆਂਦਾ ਜਾ ਸਕਦਾ ਹੈ। ਸਿੱਖਿਆ ਦਾ ਇੱਕ ਪੱਖ ਇਸਤਰੀਆਂ ਦੇ ਮਨੋਵਿਗਿਆਨਕ ਪੱਖ ਨੂੰ ਤਾਕਤਵਰ ਬਣਾਉਣਾ ਵੀ ਹੈ। ਇਸ ਤਰ੍ਹਾਂ ਇਸਤਰੀਆਂ ਦੀ ਸਿੱਖਿਆ ਦੇ ਹਾਲਤਾਂ ਵਿੱਚ ਸੁਧਾਰ ਕਰਕੇ ਮਨੁੱਖਤਾ ਵਿੱਚ ਤਾਂ ਸੁਧਾਰ ਕੀਤਾ ਜਾ ਹੀ ਸਕਦਾ ਹੈ ਪਰੰਤੂ ਇਸ ਦੇ ਨਾਲ-ਨਾਲ ਪੂਰੇ ਰਾਸ਼ਟਰ ਨੂੰ ਵਿਕਾਸ ਦੀ ਲੀਹ ਉੱਪਰ ਲਿਆਂਦਾ ਜਾ ਸਕਦਾ ਹੈ। ਆਬਾਦੀ ਦਾ ਅੱਧਾ ਹਿੱਸਾ ਜੋ ਕਿ ਔਰਤਾਂ ਹਨ ਸਿੱਖਿਆ ਪ੍ਰਾਪਤ ਕਰਕੇ ਰਾਸ਼ਟਰ ਦੇ ਵਿਕਾਸ ਵਿੱਚ ਅੱਗੇ ਜਾ ਸਕਦੀਆਂ ਹਨ।

### 1.5.4 ਭਾਰਤ ਵਿੱਚ ਇਸਤਰੀ ਸਿੱਖਿਆ ਦਾ ਵਿਕਾਸ :

ਭਾਰਤ ਵਿੱਚ ਇਸਤਰੀ ਸਿੱਖਿਆ ਦਰ ਪੁਰਸ਼ ਸਿੱਖਿਆ ਦਰ ਨਾਲੋਂ ਕਾਫੀ ਘੱਟ ਹੈ। ਕਾਫੀ ਘੱਟ ਗਿਣਤੀ ਇਸਤਰੀਆਂ ਜਾਂ ਔਰਤਾਂ ਜਾਂ ਬੱਚੀਆਂ ਸਕੂਲ ਵਿੱਚ ਦਾਖਲ ਹੁੰਦੀਆਂ ਹਨ ਅਤੇ ਉਹਨਾਂ ਵਿੱਚੋਂ ਵੀ ਬਹੁਤੀਆਂ ਸਕੂਲ ਛੱਡ ਦਿੰਦੀਆਂ ਹਨ। ਭਾਰਤ ਦੇ ਮਰਦ ਪ੍ਰਧਾਨ ਸਮਾਜ ਵਿੱਚ ਔਰਤਾਂ ਨੂੰ ਘਟੀਆ ਦਰਜਾ ਅਤੇ ਘੱਟ ਤਰਜੀਹਾਂ ਮਿਲਦੀਆਂ ਹਨ। ਸਮਾਜ ਦੀਆਂ ਰੂੜੀਵਾਦੀ ਪਹੁੰਚਾਂ ਕਾਰਨ ਬੱਚੀਆਂ ਸਕੂਲਾਂ ਵਿੱਚ ਨਹੀਂ ਜਾ ਸਕਦੀਆਂ ਹਨ।

ਬ੍ਰਿਟਿਸ਼ ਰਾਜ ਦੌਰਾਨ ਭਾਰਤ ਵਿੱਚ ਪੜ੍ਹੀਆਂ ਲਿਖੀਆਂ ਇਸਤਰੀਆਂ ਦੀ ਗਿਣਤੀ 2-6 ਪ੍ਰਤੀਸ਼ਤ ਸੀ। ਆਜ਼ਾਦੀ ਤੋਂ ਬਾਅਦ ਸੁਧਾਰ ਕਰਨ ਉਪਰੰਤ 1961 ਤੱਕ 15.3% ਅਤੇ 1981 ਤੱਕ 28.5% ਤੱਕ ਪਹੁੰਚ ਗਈ। ਇੱਕੀਵੀਂ ਸਦੀ ਤੱਕ ਇਸਤਰੀ ਸਿੱਖਿਆ ਵਿੱਚ 50 ਪ੍ਰਤੀਸ਼ਤ ਤੱਕ ਵਾਧਾ ਹੋਇਆ। ਇਸ ਪ੍ਰਤੀਸ਼ਤ ਪੁਰਸ਼ ਸਿੱਖਿਆ ਪ੍ਰਤੀਸ਼ਤ ਦੇ ਮੁਕਾਬਲੇ ਬਹੁਤ ਘੱਟ ਹੈ। ਭਾਰਤ ਵਿੱਚ ਸਾਕਸ਼ਰ ਭਾਰਤ ਮਿਸ਼ਨ ਚਲਾਇਆ ਗਿਆ ਜਿਸ ਦਾ ਉਦੇਸ਼ ਭਾਰਤੀ ਔਰਤਾਂ ਦੀ ਸਿੱਖਿਆ ਨੂੰ ਉੱਚਾ ਚੁੱਕਣ ਲਈ ਲਾਹੇਵੰਦ ਸਾਬਿਤ ਹੋਇਆ। ਇਸ

ਵਿੱਚ ਇਹ ਗੱਲ ਤੇ ਜ਼ੋਰ ਦਿੱਤਾ ਗਿਆ ਕਿ ਇਸਤਰੀ ਸਿੱਖਿਆ ਹੀ ਇਸਤਰੀਆਂ ਦੀ ਸਥਿਤੀ ਸੁਧਾਰਣ ਲਈ ਲਾਹੇਵੰਦ ਹੋਵੇਗੀ। ਇਸ ਤੋਂ ਇਲਾਵਾ ਨਵੀਂ ਸਿੱਖਿਆ ਨੀਤੀ ਵਿੱਚ ਔਰਤਾਂ ਪ੍ਰਤੀ ਸਮਾਜਿਕ ਰਵੱਈਆ ਬਦਲਣ ਲਈ ਵਿਸ਼ਾ ਵਸਤੂ, ਪਾਠਕ੍ਰਮ, ਫੰਡ, ਸਕੂਲਾਂ ਦੀ ਗਿਣਤੀ ਆਦਿ ਵਿੱਚ ਸੁਧਾਰ ਕੀਤੇ ਗਏ।

ਇਸ ਤੋਂ ਇਲਾਵਾ ਪ੍ਰਾਇਮਰੀ, ਸੈਕੰਡਰੀ ਅਤੇ ਹਾਇਰ ਪੱਧਰ ਤੇ ਇਸਤਰੀ ਸਿੱਖਿਆ ਲਈ ਖਾਸ ਸਹੂਲਤਾਂ ਪ੍ਰਦਾਨ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਹਾਜ਼ਰੀ ਦੀ ਸਮੱਸਿਆ, ਗਰੀਬੀ ਦੀ ਸਮੱਸਿਆ, ਘਰ ਦਾ ਕੰਮ ਆਦਿ ਔਕੜਾਂ ਨੂੰ ਮੁੱਖ ਰੱਖ ਕੇ ਲੜਕੀਆਂ ਦੀ ਸਿੱਖਿਆ ਲਈ ਪ੍ਰਬੰਧ ਕੀਤੇ ਗਏ ਸਨ। ਅਜਿਹੇ ਸਿੱਖਿਆ ਪ੍ਰਬੰਧਾਂ ਦੇ ਹੁੰਦੇ ਹੋਏ ਵੀ ਔਰਤਾਂ ਘੱਟ ਗਿਣਤੀ ਵਿੱਚ ਸਿੱਖਿਆ ਪ੍ਰਾਪਤ ਕਰ ਰਹੀਆਂ ਹਨ ਅਤੇ ਨਾਲ ਹੀ ਘਰੇਲੂ ਜ਼ਿੰਮੇਵਾਰੀਆਂ ਦੇ ਨਾਲ-ਨਾਲ ਕੰਮ ਕਰਦੀਆਂ ਹਨ। ਇਸ ਦੇ ਬਾਵਜੂਦ ਵੀ ਦਫਤਰਾਂ ਵਿੱਚ ਮਰਦਾਂ ਦੇ ਮੁਕਾਬਲੇ ਔਰਤ ਕਰਮਚਾਰੀਆਂ ਦੀ ਗਿਣਤੀ ਘੱਟ ਹੈ। ਦਫ਼ਤਰਾਂ ਵਿੱਚ ਔਰਤਾਂ ਨੂੰ ਪੁਰਸ਼ਾਂ ਦੇ ਮੁਕਾਬਲੇ ਘੱਟ ਤਨਖਾਹਾਂ ਦਿੱਤੀਆਂ ਜਾਂਦੀਆਂ ਹਨ।

ਭਾਰਤ ਵਿੱਚ ਇਸਤਰੀਆਂ ਦੀ ਸਥਿਤੀ ਨੂੰ ਬੇਹਤਰ ਬਣਾਉਣ ਲਈ ਸਿੱਖਿਆ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸਤਰੀਆਂ ਦੀ ਸਿੱਖਿਆ ਵਿੱਚ ਸੁਧਾਰ ਨਾਲ ਘਰੇਲੂ ਅਤੇ ਬਾਹਰੀ ਜ਼ਿੰਦਗੀ ਵਿੱਚ ਸੁਧਾਰ ਆਉਂਦਾ ਹੈ। ਪੜ੍ਹੀਆਂ ਲਿਖੀਆਂ ਔਰਤਾਂ ਬੱਚਿਆਂ ਦੀ ਸਿੱਖਿਆ, ਬੱਚਿਆਂ ਦੀ ਸਿਹਤ ਅਤੇ ਸਮਾਜਿਕ ਭਾਗੀਦਾਰੀ ਵਿੱਚ ਬੇਹਤਰੀ ਨਾਲ ਕੰਮ ਕਰਦੀਆਂ ਹਨ। ਇਸ ਦੇ ਉਲਟ ਇਸਤਰੀ ਸਿੱਖਿਆ ਦੀ ਘੱਟ ਦਰ ਮਾੜੀ ਸਿਹਤ, ਘੱਟ ਸਿੱਖਿਆ, ਘੱਟ ਕਮਾਈ, ਘੱਟ ਦਰਜੇ ਦੇ ਫੈਸਲੇ ਲੈਣਾ ਆਦਿ ਸਮੱਸਿਆਵਾਂ ਆਉਂਦੀਆਂ ਹਨ। ਭਾਰਤ ਵਿੱਚ ਹੋਏ ਸਰਵੇ ਤੋਂ ਪਤਾ ਲੱਗਦਾ ਹੈ ਕਿ ਔਰਤਾਂ ਦੀ ਘੱਟ ਸਿੱਖਿਆ ਦਾ ਸਿਹਤ, ਸਿੱਖਿਆ ਅਤੇ ਰਹਿਣ ਸਹਿਣ ਤੇ ਮਾੜਾ ਅਸਰ ਪੈਂਦਾ ਹੈ। ਇਸੇ ਤਰ੍ਹਾਂ ਸਿੱਖਿਆ ਅਤੇ ਆਰਥਿਕ ਵਿਕਾਸ ਇੱਕ ਦੂਜੇ ਨਾਲ ਸੰਬੰਧਿਤ ਹਨ। ਇਸ ਤੋਂ ਇਲਾਵਾ ਇੱਕ ਰਿਪੋਰਟ ਅਨੁਸਾਰ ਹਾਇਰ ਸਿੱਖਿਆ ਵਿੱਚ 24-50% ਹੀ ਇਸਤਰੀਆਂ ਜਾਂਦੀਆਂ ਹਨ। ਜਦੋਂ ਕਿ ਸਾਇੰਸ ਵਿੱਚ ਸਿਰਫ ਇੱਕ ਤਿਹਾਈ ਹਿੱਸਾ ਔਰਤਾਂ ਹਨ ਅਤੇ ਇੰਜੀਨੀਅਰਿੰਗ ਵਿੱਚ ਸਿਰਫ 7% ਔਰਤਾਂ ਹਨ।

### 1.5.5 ਭਵਿੱਖ ਵਿੱਚ ਇਸਤਰੀ ਸਿੱਖਿਆ ਵੱਲ ਝੁਕਾਅ :

ਭਵਿੱਖ ਹਮੇਸ਼ਾ ਅਨਿਸ਼ਚਿਤ ਹੈ ਪਰੰਤੂ ਫਿਰ ਵੀ ਭੂਤਕਾਲ ਅਤੇ ਵਰਤਮਾਨ ਦੇ ਤਜ਼ਰਬਿਆਂ ਦੇ ਆਧਾਰ ਤੇ ਭਵਿੱਖ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਜਦੋਂ ਅਸੀਂ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਵਿੱਚ ਇਸਤਰੀ ਸਿੱਖਿਆ ਦੇ ਭਵਿੱਖ ਦੀ ਗੱਲ ਕਰਦੇ ਹਾਂ ਤਾਂ ਇਹ ਘੱਟ ਪ੍ਰੇਰਨਾਦਾਇਕ ਜਾਂ ਉਤਸ਼ਾਹਿਤ ਕਰਨ ਵਾਲੀ ਗੱਲ ਨਹੀਂ ਹੈ। ਜਿਸ ਤਰ੍ਹਾਂ ਇਸਤਰੀ ਸਿੱਖਿਆ ਦੇ ਖੇਤਰ ਵਿੱਚ ਬਦਲਾਅ ਆ ਰਹੇ ਹਨ ਇਸ ਨਾਲ ਪੂਰਾ ਦ੍ਰਿਸ਼ ਬਦਲ ਰਿਹਾ ਹੈ ਅਤੇ ਬਦਲਦਾ ਰਹੇਗਾ। ਸਿੱਖਿਆ ਦੇ ਹਰੇਕ ਸਤਰ ਉੱਤੇ ਜਿਵੇਂ ਪ੍ਰਾਈਮਰੀ, ਸੈਕੰਡਰੀ ਅਤੇ ਉੱਚ ਸਿੱਖਿਆ ਵਿੱਚ ਔਰਤਾਂ ਦੀ ਸਥਿਤੀ ਬੇਹਤਰ ਬਣਾਉਣ ਲਈ ਸਮਾਜ, ਸਰਕਾਰ ਅਤੇ ਹੋਰ ਗੈਰ ਸਰਕਾਰੀ ਏਜੰਸੀਆਂ ਕੰਮ ਕਰ ਰਹੀਆਂ ਹਨ। ਇਹਨਾਂ ਵਿੱਚੋਂ ਕੁਝ ਰੁਝਾਨ ਇਸ ਤਰ੍ਹਾਂ ਹਨ।

1. **ਪਰਿਵਰਤਨਾਤਮਿਕ ਜਾਂ ਨਵੇਂ ਤਰੀਕੇ :** ਸਕੂਲ ਦੇ ਪਰੰਪਰਾਗਤ ਮਾਡਲ ਨੂੰ ਕਈ ਖੋਜਾਰਥੀਆਂ ਦੁਆਰਾ ਚੈਲੰਜ ਕੀਤਾ ਗਿਆ ਹੈ। ਅਜੋਕੇ ਸਮੇਂ ਵਿੱਚ ਵਿਦਵਾਨ ਸਿੱਖਿਆ ਦੇ ਨਵੇਂ ਨਵੇਂ ਮਾਡਲ ਅਤੇ ਵਿਧੀਆਂ ਤੇ ਕੰਮ ਕਰ ਰਹੇ ਹਨ ਜੋ ਆਉਣ ਵਾਲੇ ਸਮੇਂ ਵਿੱਚ ਲਾਭਕਾਰੀ ਹੋਣ। ਇਸਤਰੀਆਂ ਦੀ ਸਿੱਖਿਆ ਨੂੰ ਮੁੱਖ ਰੱਖਦੇ ਹੋਏ ਇਹ ਕੋਸ਼ਿਸ਼ ਕੀਤੀ ਗਈ ਹੈ ਕਿ ਅਜਿਹੇ ਨਵੇਂ ਤਰੀਕੇ ਅਤੇ ਵਿਧੀਆਂ ਅਪਣਾਏ ਜਾਣ ਜਿਸ ਵਿੱਚ ਔਰਤਾਂ ਆਪਣੀ ਲੋੜ ਅਤੇ ਯੋਗਤਾ ਅਨੁਸਾਰ ਸਿੱਖਿਆ ਪ੍ਰਾਪਤ ਕਰ ਸਕਣ।

ਇਹਨਾਂ ਵਿੱਚੋਂ ਇੱਕ ਉਦਾਹਰਨ ਹੈ MOOC, ਇਹ ਆਨਲਾਇਨ ਜਾਂ ਦੂਰਵਰਤੀ ਸਿੱਖਿਆ ਦੀ ਇੱਕ ਵਿਧੀ ਹੈ। ਮਾਸਿਵ ਓਪਨ ਆਨਲਾਇਨ ਕੋਰਸ (Massive Open Online Course) ਆਉਣ ਵਾਲੇ ਸਮੇਂ ਵਿੱਚ ਕਾਫੀ ਰੁਝਾਨ ਖਿੱਚੇਗਾ। ਜਦੋਂ ਔਰਤਾਂ ਦੀ ਸਿੱਖਿਆ ਵਿੱਚ MOOC ਦੀ ਗੱਲ ਕਰਦੇ ਹਾਂ ਤਾਂ ਔਰਤਾਂ ਲਈ ਸਿੱਖਿਆ

ਪ੍ਰਾਪਤ ਕਰਨਾ ਸੌਖਾ ਹੋ ਜਾਵੇਗਾ ਕਿਉਂਕਿ ਘਰੇਲੂ ਔਰਤਾਂ ਅਤੇ ਕੰਮਕਾਜੀ ਔਰਤਾਂ ਬਿਨਾਂ ਕਿਸੇ ਰੁਕਾਵਟ ਤੋਂ ਲਚਕਦਾਰ ਸਿੱਖਿਆ ਪ੍ਰਾਪਤ ਕਰ ਸਕਦੀਆਂ ਹਨ।

Bayeck (2016) ਦੀ ਇੱਕ ਖੋਜ ਅਨੁਸਾਰ MOOC ਪ੍ਰੋਗਰਾਮ ਵਿੱਚ ਹਿੱਸਾ ਲੈਣ ਵਾਲਿਆਂ ਵਿੱਚ ਔਰਤਾਂ ਦੀ ਗਿਣਤੀ ਪੁਰਸ਼ਾਂ ਨਾਲੋਂ ਵਧੇਰੇ ਸੀ। ਇਸ ਖੋਜ ਦੌਰਾਨ ਇਹ ਵੀ ਰਿਪੋਰਟ ਕੀਤਾ ਗਿਆ ਕਿ ਔਰਤਾਂ ਆਨਲਾਇਨ ਸਿੱਖਿਆ ਵਿੱਚ ਵੱਧ ਰੁਚੀ ਦਿਖਾਉਂਦੀਆਂ ਹਨ। ਇਸ ਰਿਸਰਚ ਦੌਰਾਨ ਔਰਤ ਅਤੇ ਪੁਰਸ਼ ਦਾ ਅਨੁਪਾਤ 60:40 ਸੀ ਜੋ ਕਿ ਆਨਲਾਈਨ ਪ੍ਰੋਗਰਾਮ ਦੁਆਰਾ ਸਿੱਖਿਆ ਪ੍ਰਾਪਤ ਕਰ ਰਹੇ ਸਨ।

ਉਪਰੋਕਤ ਤੱਥਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਕਿਹਾ ਜਾ ਸਕਦਾ ਹੈ ਕਿ MOOC ਵਰਗੀਆਂ ਹੋਰ ਨਵੀਆਂ ਵਿਧੀਆਂ ਆਉਣ ਵਾਲੇ ਸਮੇਂ ਦੌਰਾਨ ਇਸਤਰੀ ਸਿੱਖਿਆ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਇਸ ਤਰ੍ਹਾਂ ਘਰੇਲੂ ਅਤੇ ਕੰਮਕਾਜੀ ਔਰਤਾਂ ਆਪਣੀ ਜ਼ਿੰਮੇਵਾਰੀਆਂ ਦੇ ਨਾਲ-ਨਾਲ ਆਪਣੀ ਸਿੱਖਿਆ ਜਾਰੀ ਰੱਖ ਸਕਣਗੀਆਂ। ਇਸ ਤਰ੍ਹਾਂ ਆਨਲਾਈਨ ਸਿੱਖਿਆ ਵਿੱਚ ਔਰਤਾਂ ਦਾ ਰੁਝਾਣ ਵਧੇਗਾ।

2. **STEM ਸਿੱਖਿਆ :** ਭਾਰਤ ਵਿੱਚ ਸਿੱਖਿਆ ਦੇ ਹਰੇਕ ਸਤਰ ਤੇ ਸਾਇੰਸ, ਟੈਕਨਾਲੋਜੀ, ਐਜੂਕੇਸ਼ਨ ਅਤੇ ਮੈਥ ਵਿੱਚ ਲਿੰਗ ਅਸਮਾਨਤਾ ਬਹੁਤ ਹੀ ਸਾਫ ਹੈ। ਇਹਨਾਂ ਵਿਸ਼ਿਆਂ ਵਿੱਚ ਔਰਤਾਂ ਦੀ ਭਾਗੀਦਾਰੀ ਬਹੁਤ ਘੱਟ ਹੈ। ਸਾਇੰਸ, ਟੈਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਵਿੱਚ ਔਰਤਾਂ ਦੀ ਭਾਗੀਦਾਰੀ ਮਹਿਜ 33% ਹੈ। ਸਮੇਂ ਦੇ ਨਾਲ ਔਰਤਾਂ ਗਣਿਤ ਅਤੇ ਸਾਇੰਸ ਵਰਗੇ ਵਿਸ਼ਿਆਂ ਵਿੱਚ ਆਪਣੀ ਰੁਚੀ ਗੁਆ ਦਿੰਦੀਆਂ ਹਨ। STEM ਵਿੱਚ ਔਰਤਾਂ ਦੀ ਭਾਗੇਦਾਰੀ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਕਾਰਕ ਹਨ ਜਿਵੇਂ ਬਾਓਲਾਜੀਕਲ ਤੱਤ, ਮਾਪਿਆਂ ਦਾ ਉਤਸ਼ਾਹ, ਸਮਾਜਿਕ ਆਰਥਿਕ ਸਥਿਤੀ, ਸਕੂਲਾਂ ਦਾ ਵਾਤਾਵਰਨ, ਸੱਭਿਆਚਾਰਕ ਨਿਯਮ, ਲਿੰਗ ਅਸਮਾਨਤਾ ਅਤੇ ਲਿੰਗ ਰੂੜੀਵਾਦ ਆਦਿ। UNESCO ਦੀ ਇੱਕ ਰਿਪੋਰਟ ਅਨੁਸਾਰ ਅਜਿਹੀ ਲਿੰਗ ਅਸਮਾਨਤਾ ਦਾ ਜਨਮ ਪੱਖਪਾਤ ਸਮਾਜ ਦੇ ਨਿਯਮ ਅਤੇ ਪਰਿਵਾਰ ਦੀਆਂ ਆਸ਼ਾਵਾਂ ਤੋਂ ਹੁੰਦਾ ਹੈ ਜਿਸਦਾ ਸਿੱਧਾ ਅਤੇ ਅਸਿੱਧਾ ਅਸਰ ਬੱਚਿਆਂ ਅਤੇ ਔਰਤਾਂ ਨੂੰ ਮਿਲਣ ਵਾਲੀ ਸਿੱਖਿਆ ਉਪਰ ਪੈਂਦਾ ਹੈ। ਇਸ ਗੱਲ ਦੀ ਆਸ ਕੀਤੀ ਜਾਂਦੀ ਹੈ ਕਿ ਔਰਤਾਂ ਨੂੰ STEM ਸਿੱਖਿਆ ਅਤੇ ਕਿੱਤੇ ਦੇ ਖੇਤਰ ਵਿੱਚ ਅੱਗੇ ਲੈ ਕੇ ਜਾਇਆ ਜਾਵੇ। ਮੰਨਿਆ ਜਾਂਦਾ ਹੈ ਕਿ ਆਉਣ ਵਾਲੇ ਸਮੇਂ ਦੌਰਾਨ ਵੱਧ ਤੋਂ ਵੱਧ ਔਰਤਾਂ ਗਣਿਤ, ਸਾਇੰਸ, ਇੰਜੀਨੀਅਰਿੰਗ ਅਤੇ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਇਨ੍ਹਾਂ ਹੀ ਖੇਤਰਾਂ ਵਿੱਚ ਕੰਮ ਵੀ ਕਰਨਗੀਆਂ।

3. **ਸਥਿਰ ਵਿਕਾਸ ਟੀਚੇ (Sustainable Development Goals) :**

ਸਥਿਰ ਵਿਕਾਸ ਟੀਚੇ ਜਾਂ ਗਲੋਬਰ ਟੀਚੇ United Nations ਦੇ ਮੈਂਬਰ ਦੇਸ਼ਾਂ ਦੁਆਰਾ ਅਪਣਾਏ ਗਏ ਟੀਚੇ ਹਨ।

ਇਹ ਟੀਚੇ 2015 ਵਿੱਚ ਲੋਕਾਂ ਲਈ ਅਮਨ ਅਤੇ ਗੁਣਵੱਤਾ ਦੇ ਨਾਲ ਧਰਤੀ ਦੀ ਰੱਖਿਆ ਲਈ ਅਪਣਾਏ ਗਏ ਸਨ। ਇਹ ਸੰਯਾਕਤ ਟੀਚੇ ਸਮਾਜਿਕ, ਆਰਥਿਕ ਅਤੇ ਵਾਤਾਵਰਨਿਕ ਸਥਿਰਤਾ ਕਾਇਮ ਕਰਨ ਲਈ ਜਵਾਬਦੇਹ ਹਨ।

ਇਹਨਾਂ ਟੀਚਿਆਂ ਦੇ ਅਧੀਨ ਔਰਤਾਂ ਦੀ ਸਿਹਤ, ਸਫਾਈ, ਤੰਦਰੁਸਤੀ, ਸਿੱਖਿਆ ਅਤੇ ਲਿੰਗ ਸਮਾਨਤਾ ਨੂੰ ਤਰਜੀਹ ਦਿੱਤੀ ਗਈ ਹੈ। ਤੀਸਰੇ ਸਥਿਰ ਵਿਕਾਸ ਟੀਚੇ ਅੰਦਰ ਹਰੇਕ ਵਿਅਕਤੀ ਦੀ ਚੰਗੀ ਸਿਹਤ, ਸਫਾਈ ਅਤੇ ਤੰਦਰੁਸਤੀ ਨੂੰ ਮੁੱਖ ਰੱਖਿਆ ਗਿਆ ਹੈ। ਚੌਥੇ ਟੀਚੇ ਅਨੁਸਾਰ ਹਰੇਕ ਵਿਅਕਤੀ ਨੂੰ ਬਿਨ੍ਹਾਂ ਕਿਸੇ ਭੇਦਭਾਵ ਦੇ ਜਿਸ ਵਿੱਚ ਲਿੰਗ ਵਿਤਕਰਾ ਸ਼ਾਮਲ ਹੈ, ਸਿੱਖਿਆ ਪ੍ਰਦਾਨ ਕਰਨ ਦੇ ਹਰ ਸੰਭਵ ਯਤਨ ਕਰਨ ਦਾ ਵਾਅਦਾ ਕੀਤਾ ਗਿਆ ਹੈ। ਇਸ ਤਰ੍ਹਾਂ ਇਹ ਦੋਨੋਂ ਟੀਚੇ ਔਰਤਾਂ ਦੀ ਸਿੱਖਿਆ, ਸਿਹਤ ਅਤੇ ਸਟੇਟਸ ਨੂੰ ਬੇਹਤਰ ਕਰਨਗੇ।

ਇਸ ਤੋਂ ਇਲਾਵਾ ਪੰਜਵੇਂ ਸਥਿਰ ਵਿਕਾਸ ਟੀਚੇ ਵਿੱਚ ਲਿੰਗ ਸਮਾਨਤਾ ਨੂੰ ਮੁੱਖ ਰੱਖਿਆ ਗਿਆ ਹੈ। ਇਸ ਟੀਚੇ ਦਾ ਉਦੇਸ਼ ਹੀ ਲਿੰਗ ਅਸਮਾਨਤਾ ਨੂੰ ਖਤਮ ਕਰਦੇ ਹੋਏ ਬੱਚੀਆਂ ਅਤੇ ਔਰਤਾਂ ਨੂੰ ਉਹਨਾਂ ਦੇ ਹੱਕ ਦੇਣਾ ਹੈ। UNDP ਅਨੁਸਾਰ ਪਿਛਲੇ 20 ਸਾਲਾਂ ਵਿੱਚ ਔਰਤਾਂ ਦੀ ਸਿੱਖਿਆ ਨੂੰ ਕੇਂਦਰੀ ਸਥਾਨ ਤੇ ਰੱਖ ਕੇ ਲਿੰਗ ਅਸਮਾਨਤਾ ਉੱਪਰ ਕਾਬੂ ਪਾਇਆ ਗਿਆ ਹੈ। ਇਹ ਟੀਚਾ ਅੱਜ ਦੇ ਸਮੇਂ ਵਿੱਚ ਔਰਤਾਂ ਨਾਲ ਸਕੂਲ, ਕੰਮ ਜਾਂ ਕੋਈ ਹੋਰ ਅਸਮਾਨਤਾ ਜਾਂ ਹਿੰਸਾ ਵਿਰੁੱਧ ਹੈ। ਇਸ ਵਿੱਚ ਔਰਤਾਂ ਨੂੰ ਸਮਾਜ, ਆਰਥਿਕ ਵਿਕਾਸ, ਰਾਜਨੀਤੀ ਅਤੇ ਸੇਵਾਵਾਂ ਵਿੱਚ ਬਰਾਬਰ ਹਿੱਸਾ ਦਿਵਾਉਣ ਤੇ ਜ਼ੋਰ ਦਿੱਤਾ ਗਿਆ ਹੈ। ਇਹ ਸਾਰੇ ਸਥਿਰ ਵਿਕਾਸ ਟੀਚੇ 2030 ਤੱਕ ਮਿੱਥੇ ਗਏ ਹਨ ਅਤੇ ਇਹ ਉਮੀਦ ਕੀਤੀ ਜਾਂਦੀ ਹੈ ਕਿ ਇਹ 17 ਸਥਿਰ ਵਿਕਾਸ ਟੀਚਿਆਂ ਅਧੀਨ ਔਰਤਾਂ ਦੀ ਸਿੱਖਿਆ ਅਤੇ ਸਮਾਨ ਹੱਕਾਂ ਦੀ ਪ੍ਰਾਪਤੀ ਵਿੱਚ ਬੇਹਤਰੀ ਆਵੇਗੀ।

**4. UNESCO ਦੀ ਗਲੋਬਲ ਪਾਰਟਨਰਸ਼ਿਪ :**

ਬੱਚੀਆਂ ਅਤੇ ਔਰਤਾਂ ਦੀ ਸਿੱਖਿਆ ਨੂੰ ਨਿਖਾਰਨ ਅਤੇ ਇਸ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਮੇਂ-ਸਮੇਂ ਤੇ ਨਵੀਆਂ ਨਵੀਆਂ ਹਿੱਸੇਦਾਰੀਆਂ, ਫੰਡ ਅਤੇ ਸਕੀਮਾਂ ਦੀ ਪਲਾਨਿੰਗ ਕੀਤੀ ਜਾਂਦੀ ਹੈ। ਇਸੇ ਤਰ੍ਹਾਂ UNESCO ਨੇ ਬੱਚੀਆਂ ਅਤੇ ਔਰਤਾਂ ਦੀ ਸਿੱਖਿਆ ਲਈ ਇੱਕ ਗਲੋਬਲ ਪਾਰਟਨਰਸ਼ਿਪ 'Better Life Better Future' ਦੀ ਯੋਜਨਾਬੰਦੀ ਕਰਕੇ ਲਾਗੂ ਕੀਤੀ ਹੈ।

ਇਸ ਦਾ ਅਗਵਾਈਕਾਰ ਸਿਧਾਂਤ ਇਹ ਹੈ ਕਿ ਸਿੱਖਿਅਤ ਔਰਤਾਂ ਸਮਾਜਿਕ ਨਿਆਂ ਅਤੇ ਗਰੀਬੀ ਦੇ ਚੱਕਰ ਤੋਂ ਸਿੱਖਿਆ ਰਾਹੀਂ ਮੁਕਤ ਹੋ ਸਕਦੀਆਂ ਹਨ। ਇਸ ਪਾਰਟਨਰਸ਼ਿਪ ਦੇ ਉਦੇਸ਼ ਇਸ ਤਰ੍ਹਾਂ ਹਨ :-

1) ਕਿਸ਼ੋਰ ਲੜਕੀਆਂ ਅਤੇ ਔਰਤਾਂ ਲਈ ਸਿੱਖਣ ਮੌਕਿਆਂ ਵਿੱਚ ਵਾਧਾ ਕਰਨਾ।
2) ਸਿੱਖਿਆ ਦੀ ਗੁਣਵੱਤਾ ਦਾ ਦਾਇਰਾ ਖੁੱਲਾ ਅਤੇ ਬੇਹਤਰ ਕਰਨਾ।
3) ਸਿੱਖਿਆ ਦੀ ਜਿਓਗਰਾਫੀਕਲ ਕਵਰ ਨੂੰ ਵਧਾਉਣਾ ਅਤੇ ਚੰਗੀ ਪ੍ਰੈਕਟਿਸ
4) ਪਾਰਟਨਰਜ਼ ਦਾ ਵੱਡਾ ਅਤੇ ਵਿਭਿੰਨ ਨੈਟਵਰਕ ਸਥਾਪਿਤ ਕਰਨਾ।

ਭਵਿੱਖ ਵਿੱਚ ਅਜਿਹੀਆਂ ਪਾਰਟਨਰਸ਼ਿਪ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਇਹ ਇਸਤਰੀ ਸਿੱਖਿਆ ਦੇ ਖੇਤਰ ਵਿੱਚ ਧਨਾਤਮਿਕ ਨਤੀਜੇ ਲੈ ਕੇ ਆਉਣਗੀਆਂ।

**1.5.6 ਸਾਰ :**

ਪਿਛਲੇ ਕਈ ਸਾਲਾਂ ਦੌਰਾਨ ਸਮਾਜ ਦੀ ਰੂੜੀਵਾਦੀ ਸੋਚ ਕਾਰਨ ਔਰਤਾਂ ਨੂੰ ਸਿੱਖਿਆ ਵਰਗੇ ਹੱਕ ਪ੍ਰਾਪਤ ਕਰਨ ਵਿੱਚ ਅਨੇਕਾਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਹੈ। ਇਹਨਾਂ ਸਮੱਸਿਆਵਾਂ ਦੇ ਹੁੰਦੇ ਹੋਏ ਵੀ ਔਰਤਾਂ ਨੇ ਬਿਜਨਸ, ਰਾਜਨੀਤੀ, ਸਾਇੰਸ, ਸਮਾਜ ਸੇਵਾ ਆਦਿ ਖੇਤਰਾਂ ਵਿੱਚ ਆਪਣੀ ਪਹਿਚਾਣ ਬਣਾਈ ਹੈ। ਔਰਤਾਂ ਦੀ ਸਿੱਖਿਆ ਦੀ ਘਟੀਆ ਸਥਿਤੀ ਹੋਣ ਦੇ ਬਾਵਜੂਦ ਵੀ ਔਰਤਾਂ ਚੰਗੇ ਵੱਲ ਵੱਧ ਰਹੀਆਂ ਹਨ। ਸਿੱਖਿਆ ਹਰੇਕ ਮਨੁੱਖ ਦਾ ਮੁੱਢਲਾ ਅਧਿਕਾਰ ਹੈ। ਔਰਤਾਂ ਸਮਾਜ ਦਾ ਇੱਕ ਅਨਿੱਖੜਵਾਂ ਅੰਗ ਹਨ। ਆਉਣ ਵਾਲੀਆਂ ਪੀੜੀਆਂ ਦਾ ਵਿਕਾਸ ਵੀ ਅੱਜ ਦੀ ਔਰਤ ਦੀ ਸਿੱਖਿਆ ਤੇ ਨਿਰਭਰ ਕਰਦਾ ਹੈ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ ਕਿ ਇਸਤਰੀ ਸਿੱਖਿਆ ਦੇ ਸੁਧਾਰ ਨਾਲ ਪੂਰੇ ਰਾਸ਼ਟਰ ਦਾ ਸੁਧਾਰ ਕੀਤਾ ਜਾ ਸਕਦਾ ਹੈ। ਇਸ ਨਾਲ ਲੋਕਾਂ ਦਾ ਜੀਵਨ ਪੱਧਰ ਉੱਚਾ ਚੁਕਿਆ ਜਾ ਸਕਦਾ ਹੈ। ਇਸ ਨਾਲ ਘਰੇਲੂ ਜ਼ਿੰਦਗੀ ਅਤੇ ਬਾਹਰੀ ਜਿੰਦਗੀ ਦੋਵਾਂ ਵਿੱਚ ਸੁਧਾਰ ਹੋ ਸਕਦਾ ਹੈ। ਇਸ ਤਰ੍ਹਾਂ ਨਾਲ ਇਸਤਰੀ ਸਿੱਖਿਆ ਸੁਧਾਰ ਸਮਾਜਿਕ ਸੁਧਾਰ ਦਾ ਅਹਿਮ ਹਿੱਸਾ ਹੈ। ਭਵਿੱਖ ਵਿੱਚ ਔਰਤਾਂ ਕਿੱਤਾ ਮਾਰਕਿਟ ਵਿੱਚ ਆਪਣੀ ਖਾਸ ਜਗ੍ਹਾ ਬਣਾਉਣਗੀਆਂ। ਆਉਣ ਵਾਲੇ ਸਮੇਂ ਵਿੱਚ ਔਰਤਾਂ ਟੀਮ ਸਕਿੱਲ, ਸੰਚਾਰ ਖੇਤਰ, ਸੰਬੰਧ ਖੇਤਰ, ਸਿਹਤ ਖੇਤਰ ਅਤੇ ਸਿੱਖਿਆ ਦੇ ਖੇਤਰ ਵਿੱਚ ਆਪਣੀਆਂ ਸੇਵਾਵਾਂ ਪ੍ਰਦਾਨ ਕਰਨਗੀਆਂ।

**1.5.7 ਸੁਝਾਏ ਪ੍ਰਸ਼ਨ :**

1. ਇਸਤਰੀ ਸਿੱਖਿਆ ਦੀ ਮਹੱਤਤਾ ਬਾਰੇ ਲਿਖੋ।
2. ਭਾਰਤ ਵਿੱਚ ਇਸਤਰੀ ਸਿੱਖਿਆ ਦੇ ਵਿਕਾਸ ਬਾਰੇ ਲਿਖੋ।
3. ਭਵਿੱਖ ਵਿੱਚ ਇਸਤਰੀ ਸਿੱਖਿਆ ਦੇ ਝੁਕਾਅ ਬਾਰੇ ਲਿਖੋ।

**1.5.8 ਸੁਝਾਈਆਂ ਪੁਸਤਕਾਂ :**

Mishra, R.C. (2008) Women Education, APH Publication, New Delhi.

Pattanaik, A. and Swain, Snigdha R. (2007) Women Education, APH Publishing Cooperation, New Delhi.